ਖੋਜ ਪਤ੍ਰਿਕਾ

ਗੋਲਡਨ ਜੁਬਲੀ ਵਿਸ਼ੇਸ਼ ਅੰਕ

ਅੰਕ 52-ਸਤੰਬਰ 2000

ਮੁੱਖ ਸੰਪਾਦਕ
ਡਾ. ਅੰਮ੍ਰਿਤਪਾਲ ਕੌਰ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਗਿਆਨੀ ਸਰੂਪ ਸਿੰਘ ਕੜਿਆਣਾ
ਪੰਥਕ ਢਾਡੀ ਜੱਥਾ
98150-03075
ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)

ਭਾਈ ਬੰਨੋ ਜੀ ਤੇ ਖਾਰੇ ਵਾਲੀ ਬੀੜ

ਸ਼ਮਸ਼ੇਰ ਸਿੰਘ ਅਸ਼ੋਕ

1. ਮੁੱਖ ਸ਼ਬਦ

ਜਨਵਰੀ 1946 ਦੇ ਰਸਾਲਾ *ਪ੍ਰੀਤਮ* (ਲਾਹੌਰ) ਵਿਚ ਮੈਂ ਇਕ ਲੇਖ ਲਿਖਿਆ ਸੀ, *ਆਦਿ ਬੀੜ ਤੇ ਖਾਰੀ ਬੀੜ* ਤੇ ਹੁਣ ਉਸੇ ਇਤਿਹਾਸਿਕ ਵਿਚਾਰ ਨੂੰ ਹੋਰ ਵਧੇਰੇ ਸਪਸ਼ਟ ਕਰਨ ਲਈ *ਸ੍ਰੀ ਆਦਿ ਗ੍ਰੰਥ ਜੀ* ਦੀ ਦੂਜੀ ਬੀੜ ਬਾਰੇ, ਜੋ ਨਗਰ ਖਾਰਾ (ਗੁਜਰਾਤ) ਦੀ ਬੀੜ ਦੇ ਨਾਂ ਨਾਲ ਮਸ਼ਹੂਰ ਹੈ, ਉਸ ਦੇ ਮੋਢੀ ਲਿਖਾਰੀ ਭਾਈ ਬੰਨੋ ਜੀ ਦੇ ਜੀਵਨ ਸਮੇਤ, ਖੋਜ ਸੰਬੰਧੀ ਕੁਝ ਕੁ ਨਵੀਆਂ ਲੱਭਤਾਂ ਦੇ ਮੁਤਾਬਿਕ ਨਵੀਂ ਰੋਸ਼ਨੀ ਪਾਉਣੀ ਆਵਸ਼ਕ ਸਮਝਦਾ ਹਾਂ ਤਾਂ ਕਿ ਇਸ ਬਾਰੇ ਗੁਰਮਤਿ ਪ੍ਰੇਮੀ ਪਾਠਕਾਂ ਦੇ ਦਿਲਾਂ ਵਿਚ ਜੋ ਭੁਲੇਖੇ ਪਏ ਹੋਣ ਜਾਂ ਕੁਝ ਭੁਲੇਖੇ ਪੈਣ ਦੀ ਸੰਭਾਵਨਾ ਹੋਵੇ, ਉਹ ਇਸ ਬਾਰੇ ਅਸਲ ਤੇ ਸਹੀ ਵਾਕਿਆਤ ਅੱਖਾਂ ਅੱਗੇ ਆਉਣ ਤੇ ਆਪਣੇ ਆਪ ਹੀ ਦੂਰ ਹੋ ਸਕਣ ।

ਭਾਈ ਬੰਨੋ ਤੇ *ਸ੍ਰੀ ਆਦਿ ਗ੍ਰੰਥ ਜੀ* ਦੀ ਬੀੜ ਬਾਰੇ ਕੁਝ ਕੁ ਆਧਾਰ ਰੂਪ ਇਤਿਹਾਸਿਕ ਪੁਸਤਕਾਂ ਤੇ ਦੁਰਲੱਭ ਹੱਥ ਲਿਖਤ ਪ੍ਰਤੀਆਂ, ਜੋ ਅਸਲੀਅਤ ਦੇ ਵਧੀਕ ਨੇੜੇ ਹਨ, ਸਮੇ-ਕ੍ਰਮ ਦੇ ਅਨੁਸਾਰ ਇਹ ਹਨ : (1) *ਗੁਰ ਬਿਲਾਸ ਪਾਤਸ਼ਾਹੀ 6* (ਕਵਿ ਸੋਹਨ) ਸੰਮਤ 1775 ਬਿ., (2) *ਮੁੰਤਖਿਬ ਸਾਖੀ ਮਹਿਮਾ ਪ੍ਰਕਾਸ਼* (ਬਾਬਾ ਕ੍ਰਿਪਾ ਦਿਆਲ ਸਿੰਘ, ਭੱਲਾ) ਸੰਮਤ 1798 ਬਿ., (3) *ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ* (ਕੇਸਰ ਸਿੰਘ, ਛਿੱਬਰ) ਸੰਮਤ 1825 ਬਿ., (4) *ਸ੍ਰੀ ਗੁਰੂ ਮਹਿਮਾ ਪ੍ਰਕਾਸ਼* (ਬਾਬਾ ਸਰੂਪ ਦਾਸ, ਭੱਲਾ) ਸੰਮਤ 1881 ਬਿ., (5) *ਗੁਰ ਪ੍ਰਤਾਪ ਸੂਰਜ* (ਭਾਈ ਸੰਤੋਖ ਸਿੰਘ) ਸੰਮਤ 1900 ਬਿ., (6) *ਭਾਈ ਬੰਨੋ ਪ੍ਰਕਾਸ਼* (ਭਾਈ ਜਵਾਹਰ ਸਿੰਘ) ਸੰਮਤ 1902 ਬਿ., (7) *ਸ੍ਰੀ ਗੁਰੂ ਮਹਿਮਾ ਪ੍ਰਕਾਸ਼* (ਕਵੀ ਭਾਈ ਮੇਤਾ ਸਿੰਘ ਮਾਂਗਟਾ ਵਾਲਾ) ਸੰਮਤ 1905 ਬਿ. (8) *ਭਾਈ ਸਾਹਿਬ ਬੰਨੋ ਜੀ ਦੇ ਖਾਨਦਾਨ ਦੀਆਂ ਕੁਝ ਕਲਮੀ ਦਸਤਾਵੇਜ਼ਾਂ*, ਇਹਨਾਂ ਪੁਸਤਕਾਂ ਜਾਂ ਦਸਤਾਵੇਜ਼ਾਂ ਤੋਂ ਛੁੱਟ ਇਸ ਸੰਬੰਧ ਵਿਚ ਗਿਆਨੀ ਗਿਆਨ ਸਿੰਘ ਕ੍ਰਿਤ, *ਤਵਾਰੀਖ਼ ਗੁਰੂ ਖਾਲਸਾ*, ਭਾਗ ਪਹਿਲਾ (ਛਾਪਾ ਪੱਥਰ, ਸਿਆਲਕੋਟ, ਸੰਨ 1891) *ਤਵਾਰੀਖ਼ ਗੁਰੂ ਖਾਲਸਾ*, ਹਿੱਸਾ 1 ਨੰ. 2 (ਛਾਪਾ ਟਾਈਪ, ਪੰਜਵੀਂ ਐਡੀਸ਼ਨ, ਅੰਮ੍ਰਿਤਸਰ ਵਾਲੀ), ਸਰਦਾਰ ਕਾਨ੍ਹ ਸਿੰਘ ਨਾਭਾ ਕ੍ਰਿਤ, *ਸ੍ਰੀ ਗੁਰੁ ਸ਼ਬਦ ਰਤਨਾਕਰ ਮਹਾਨਕੋਸ਼* (1930-1960) ਸਰਦਾਰ ਜੀ. ਬੀ. (ਗੁਰਬਖਸ਼) ਸਿੰਘ ਕ੍ਰਿਤ, *ਪ੍ਰਾਚੀਨ ਬੀੜਾਂ* (ਮਾਡਰਨ ਪਬਲੀਕੇਸ਼ਨਜ਼ ਲਾਹੌਰ, 1944) ਭਾਈ ਗੁਰਦਾਸ ਕ੍ਰਿਤ, *ਵਾਰਾਂ ਗਯਾਨ ਰਤਨਾਵਲੀ* ਵਿਚੋਂ 11ਵੀਂ ਵਾਰ ਦਾ ਟੀਕਾ, *ਸਿੱਖਾਂ ਦੀ ਭਗਤਮਾਲਾ*, ਭਾਈ ਮਨੀ ਸਿੰਘ, ਸ਼ਹੀਦ ਆਦਿ ਪੁਸਤਕਾਂ ਤੋਂ ਯਥਾਯੋਗ ਸਹਾਇਤਾ ਲਈ ਗਈ ਹੈ ਜਿਸ ਕਰਕੇ ਲੇਖਕ ਇਹਨਾਂ ਪੁਸਤਕਾਂ ਦੇ ਲਿਖਾਰੀਆਂ ਪ੍ਰਤੀ ਹਾਰਦਿਕ ਕ੍ਰਿਤੱਗਤਾ ਪ੍ਰਗਟ ਕਰਨੀ ਆਪਣਾ ਫ਼ਰਜ਼ ਸਮਝਦਾ ਹੈ ।

2. ਭਾਈ ਬੰਨੋ ਦਾ ਜਨਮ ਤੇ ਉਸ ਦੀ ਵੰਸ਼

ਗੁਰੂ ਅਰਜਨ ਦੇਵ ਜੀ ਦੇ ਸਿੱਖਾਂ ਵਿਚ ਭਾਈ ਬੰਨੋ ਦਾ ਵਿਸ਼ੇਸ਼ ਸਥਾਨ ਹੈ । ਭਾਈ ਸਾਹਿਬ ਪਿੰਡ ਖਾਰਾ ਜ਼ਿਲਾ ਗੁਜਰਾਤ ਦੇ ਵਸਨੀਕ ਤੇ ਆਪਣੇ ਇਲਾਕੇ ਦੇ ਪ੍ਰਮੁੱਖ ਪ੍ਰਚਾਰਕ ਸਨ ਤੇ ਇਸ ਦੇ ਨਾਲ ਹੀ ਇਸ ਕਰਕੇ ਵੀ ਕਿ *ਸ੍ਰੀ ਗੁਰੂ ਗ੍ਰੰਥ ਸਾਹਿਬ* ਜੀ ਦੀ ਆਦਿ ਬੀੜ ਦਾ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਅਧੀਨ ਭਾਈ ਗੁਰਦਾਸ ਨੇ ਲਿਖ ਕੇ ਤਿਆਰ ਕੀਤਾ ਸੀ, ਦੂਜਾ ਉਤਾਰਾ ਇਹਨਾਂ ਨੇ ਹੀ ਕੀਤਾ ਸੀ ।

ਭਾਈ ਬੰਨੋ ਜੀ ਜਾਤਿ ਦੇ ਭਾਟੀਏ (ਛਤ੍ਰੀ) ਸਨ ਤੇ ਇਹਨਾਂ ਦਾ ਜਨਮ, ਜਿਵੇਂ ਕਿ ਭਾਈ ਜਵਾਹਰ ਸਿੰਘ ਨੇ, *ਭਾਈ ਬੰਨੋ ਪ੍ਰਕਾਸ਼*, ਨਾਮੀ ਪੁਸਤਕ ਦੇ ਪੰਜਵੇਂ ਅਧਿਆਇ ਵਿਚ ਲਿਖਿਆ ਹੈ, ਵਿਸਾਖ ਸੁਦੀ 13, ਦਿਨ

ਵੀਰਵਾਰ ਸੰਮਤ 1615 ਬਿ. (ਮੁਤਾਬਕ) ਸੰਨ 1558[2] ਨੂੰ ਭਾਈ ਬਿਸ਼ਨ ਚੰਦ ਦੇ ਘਰ ਖਾਰਾ ਨਗਰ ਵਿਖੇ ਹੋਇਆ ਸੀ। ਭਾਈ ਬੰਨੋ ਜੀ ਦੀ ਮਾਤਾ ਦਾ ਨਾਮ ਕੀ ਸੀ, ਇਸ ਬਾਰੇ ਪਤਾ ਨਹੀਂ ਲੱਗ ਸਕਿਆ। ਭਾਟੀਆ ਵੰਸ਼, ਜਿਸ ਵਿਚ ਭਾਈ ਬੰਨੋ ਜੀ ਦਾ ਜਨਮ ਹੋਇਆ, ਯਦੁਵੰਸ਼ ਦੀ ਸ਼ਾਖ ਦੱਸੀ ਜਾਂਦੀ ਹੈ ਜਿਸ ਦਾ ਸਿੱਧਾ ਸੰਬੰਧ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਜਾ ਜੁੜਦਾ ਹੈ। *ਬ੍ਰਾਹਮਣੋਤਪੱਤੀ ਮਾਰਤੰਡ* (ਸਫ਼ੇ 578-79) ਦੇ ਕਥਨ ਅਨੁਸਾਰ ਭਾਟੀਆ ਵੰਸ਼ ਦਾ ਨਿਵਾਸ-ਸਥਾਨ ਮਧੁਪੁਰੀ (ਮਥੁਰਾ) ਸੀ ਤੇ ਇਸ ਵੰਸ਼ ਦੀਆਂ 84 ਮੂੰਹੀਆਂ ਤੇ 7 ਗੋਤ੍ਰ ਹੁਣ ਤੱਕ ਤੁਰੇ ਆਉਂਦੇ ਹਨ। ਭਾਟੀਆਂ ਬਾਰੇ ਇਕ ਇਤਿਹਾਸਿਕ ਕਹਾਉਤ ਹੈ ਕਿ ਇਸ ਵੰਸ਼ ਦੇ ਵਡੇਰੇ ਭੱਟੀ ਰਾਉ ਨੇ ਭਟਨੇਰ ਨਗਰੀ ਅਬਾਦ ਕੀਤੀ ਸੀ ਜੋ ਇਲਾਕਾ ਬੀਕਾਨੇਰ (ਰਾਜਸਥਾਨ) ਵਿਚ ਹੈ। ਪਿਛੋਂ ਦੁਸ਼ਮਣ ਦਾ ਗਲਬਾ ਪੈਣ ਤੇ ਭੱਟੀ ਰਾਉ ਦਾ ਖ਼ਾਨਦਾਨ ਇਲਾਕਾ ਸਿੰਧ ਦੇ ਨਗਰ ਥੱਟਾ ਅਥਵਾ ਠੱਟਾ ਵਿਚ ਜਾ ਅਬਾਦ ਹੋਇਆ। ਫਿਰ ਕੁਝ ਸਮੇਂ ਬਾਅਦ ਇਸ ਖ਼ਾਨਦਾਨ ਦੇ ਕਦਮ ਉਥੋਂ ਵੀ ਉਖੜੇ ਤੇ ਉਸ ਨੇ ਦਰਿਆ ਜਿਹਲਮ ਦੇ ਕਿਨਾਰੇ ਨਗਰ ਭੇਰਾ ਦਾ ਵਸੇਬਾਂ ਇਖ਼ਤਿਆਰ ਕੀਤਾ। ਰਾਜ ਭਾਗ ਚੂੰਕਿ ਇਸ ਖਾਨਦਾਨ ਦਾ ਇਸ ਨੱਸ-ਭੱਜ ਵਿਚ ਖੁੱਸ ਚੁੱਕਾ ਸੀ, ਇਸ ਲਈ ਰੋਜ਼ੀ ਚਲਾਉਣ ਲਈ ਛੇਕੜ ਵਪਾਰ ਕਰਨਾ ਸ਼ੁਰੂ ਕਰ ਦਿੱਤਾ ਤੇ ਫਿਰ ਕੁਝ ਹਾਲਾਤ ਬਦਲਣ ਤੇ ਇਸ ਖਾਨਦਾਨ ਦੇ ਲੋਕਾਂ ਨੇ ਆਪਣੀ ਰਿਹਾਇਸ਼ ਜ਼ਿਲ੍ਹਾ ਗੁਜਰਾਤ ਦੇ ਨਗਰ ਖਾਰਾ ਵਿਚ ਬਦਲ ਲਈ। ਭਾਈ ਬਿਸ਼ਨ ਚੰਦ, ਜਿਸ ਦੇ ਘਰ ਭਾਈ ਬੰਨੋ ਜੀ ਦਾ ਜਨਮ ਹੋਇਆ ਕਈ ਪੁਸ਼ਤਾਂ ਤੋਂ ਇਸੇ ਨਗਰ ਖਾਰਾ ਵਿਚ ਹੀ ਆਪਣੀ ਰਿਹਾਇਸ਼ ਰਖਦਾ ਤੇ ਗੁਰੂ ਘਰ ਦਾ ਸ਼ਰਧਾਲੂ ਸਿੱਖ ਸੀ।

3. ਨਗਰ ਖਾਰਾ ਮਾਂਗਟ ਤੇ ਭਾਈ ਬੰਨੋ ਜੀ

ਭਾਈ ਬੰਨੋ ਦਾ ਨਗਰ ਖਾਰਾ ਕੇਵਲ ਕਹਿਣ ਮਾਤਰ ਨੂੰ ਹੀ ਖਾਰਾ ਨਹੀਂ ਸੀ, ਸਗੋਂ ਇਸ ਦਾ ਪਾਣੀ ਵੀ ਬੜਾ ਖਾਰਾ ਅਥਵਾ ਅਤਿ ਦਾ ਸਲੂਣਾ ਸੀ, ਜਿਸ ਕਰਕੇ ਪੀਣ ਦੇ ਕਾਬਲ ਨਹੀਂ ਸੀ। ਇਸੇ ਕਾਰਨ ਖਾਰੇ ਦੇ ਵਸਨੀਕਾਂ ਲਈ ਮਿੱਠਾ ਪਾਣੀ ਬਾਹਰੋਂ ਲਗਪਗ ਤਿੰਨ ਜਾਂ ਚਾਰ ਮੀਲ ਤੋਂ ਬੜੇ ਜਤਨਾਂ ਨਾਲ ਲਿਆਇਆ ਜਾਂਦਾ ਸੀ ਜਿਵੇਂ ਕਿ ਕਵੀ ਜਵਾਹਰ ਸਿੰਘ ਨੇ *ਭਾਈ ਬੰਨੋ ਪ੍ਰਕਾਸ਼* ਵਿਚ ਲਿਖਿਆ ਹੈ:

ਖਾਰੇ ਕਾ ਜਲ ਹੈ ਅਤਿ ਖਾਰਾ। ਨਹਿ ਸੀਤਲ ਅਤਿਸੈ ਵਹ ਭਾਰਾ।
ਤੀਨ ਕੋਸ ਤੇ ਨੀਰ ਲਿਆਵੈ। ਸਤਿ ਸੰਗਤਿ ਕੋ ਆਨਿ ਪਿਲਾਵੈ ॥59॥

ਗੋਂਦਲਾ ਜਾਤਿ ਦੇ ਮੁਸਲਮਾਨਾਂ ਦੇ ਵਸੇਬੇ ਦੇ ਕਾਰਨ ਇਸ ਇਲਾਕੇ ਦਾ ਨਾਮ 'ਵਾਰ ਗੋਂਦਲਾ ਕੀ' ਅਤੇ ਪਾਣੀ ਖਾਰਾ ਹੋਣ ਕਰਕੇ ਇਸ ਪਿੰਡ ਦਾ ਨਾਮ ਖਾਰਾ ਸੀ, ਪਰ ਫਿਰ ਪਿੱਛੋਂ 18ਵੀਂ ਸਦੀ ਵਿਚ ਪੰਜਾਬ ਦੀ ਰਾਜ ਗਰਦੀ ਦੇ ਕਾਰਨ ਖਾਰਾ ਪਿੰਡ ਉਜੜਨ ਕਰਕੇ ਤੇ ਫਿਰ ਮਾਂਗਟ ਜਾਤਿ ਦੇ ਜੱਟ ਹੱਦੋਂ ਮੁੜ ਨਵੇਂ ਸਿਰੇ ਵੱਸਣ ਕਰਕੇ ਇਸ ਪਿੰਡ ਦਾ ਨਵਾਂ ਨਾਮ ਮਾਂਗਟ ਮਸ਼ਹੂਰ ਹੋਇਆ, ਪਰ ਭਾਈ ਬੰਨੋ ਜੀ ਦੇ ਸਮੇਂ ਵਿਚ ਇਹ ਪਿੰਡ ਬਹੁਤਾ ਖਾਰਾ ਨਾਂ ਨਾਲ ਹੀ ਮਸ਼ਹੂਰ ਰਿਹਾ। ਧੀਰੇ-ਧੀਰੇ ਲੋਕੀਂ ਇਸ ਨੂੰ ਖਾਰਾ ਮਾਂਗਟ ਜਾਂ ਬੰਨੋ ਕੀ ਮਾਂਗਟ ਅਥਵਾ ਮਾਂਗਟਾਂ ਵਾਲਾ ਵੀ ਕਹਿਣ ਲੱਗ ਪਏ।

4. ਵਿਆਹ ਤੇ ਗ੍ਰਿਹਸਥੀ ਜੀਵਨ

ਬਚਪਨ ਦੇ ਦਿਨ ਭਾਈ ਬੰਨੋ ਜੀ ਨੇ ਕਿਵੇਂ ਗੁਜ਼ਾਰੇ ਅਤੇ ਵਿੱਦਿਆ ਪ੍ਰਾਪਤੀ ਕਿਥੋਂ ਤੇ ਕਿਸ ਤਰ੍ਹਾਂ ਕੀਤੀ, ਇਸ ਬਾਰੇ ਤਾਂ ਉਹਨਾਂ ਦੇ ਮੁੱਢਲੇ ਹਾਲਾਤ ਕਿਤੋਂ ਨਹੀਂ ਮਿਲਦੇ, ਤੇ ਖਾਲੀ ਇਤਨਾ ਹੀ ਪਤਾ ਲੱਗਦਾ ਹੈ ਕਿ ਭਾਈ ਬੰਨੋ ਤੋਂ ਬਿਨਾਂ ਵਿਸ਼ਨੂੰ ਚੰਦ ਹੋਰਾਂ ਦੇ ਤਿੰਨ ਪੁੱਤਰ ਹੋਰ ਸਨ, (1) ਫ਼ੇਰੂ, (2) ਗੁਰਦਿੱਤਾ ਅਤੇ (3) ਹਰੂ[3]। ਭਾਈ ਬੰਨੋ ਜੀ ਗਾਲਬਨ ਇਹਨਾਂ ਸਾਰਿਆਂ ਨਾਲੋਂ ਉਮਰ ਵਿਚ ਵਡੇਰੇ ਸਨ ਜਿਸ ਕਰਕੇ ਭਾਈਚਾਰੇ ਵਿਚ ਇਹਨਾਂ ਦਾ ਰੁਤਬਾ ਬਜ਼ੁਰਗੀ ਦੇ ਲਿਹਾਜ਼ ਨਾਲ ਬੁਲੰਦ ਸੀ।

ਚੇਤ੍ਰ ਸੁਦੀ 8 ਸੰਮਤ 1633 ਬਿ. ਨੂੰ ਪਿੰਡ ਮਾਨੋ ਚਕ, ਜੋ ਪਿੰਡ ਖਾਰੇ ਤੋਂ ਅੱਠ ਕੁ ਮੀਲਾਂ ਦੀ ਵਿੱਥ ਤੇ ਹੈ, ਭਾਈ ਦਿਆਲੂ ਜਾਂ ਦਿਆਲ ਚੰਦ ਸਾਵੜਾ ਨਾਮੀ ਇਕ ਸਿੱਖ ਦੇ ਘਰ ਉਸ ਦੀ ਪੁੱਤਰੀ ਸੁਰੰਗੀ (ਉਰਫ ਰੱਜੀ) ਦੇ ਨਾਲ ਭਾਈ ਬੰਨੋ ਜੀ ਦੀ ਸ਼ਾਦੀ ਹੋਈ। ਸਹੁਰੇ ਘਰ ਜਾਣ ਤੇ ਬੀਬੀ ਸੁਰੰਗੀ, ਜੋ ਸੁਭਾਉ ਦੀ ਨੇਕ ਹੋਣ ਕਰਕੇ ਮਾਈ ਰੱਜੀ ਪੜਦੇ ਕੱਜੀ ਦੇ ਨਾਂ ਨਾਲ ਮਸ਼ਹੂਰ ਹੋਈ, ਭਾਈ ਬੰਨੋ ਦੀ ਗ੍ਰਹਿ-ਲੱਛਮੀ ਸਾਬਤ ਹੋਈ ਤੇ ਉਸ ਦੇ

ਨਾਲ ਹੀ ਭਾਈ ਸਾਹਿਬ ਦੇ ਘਰ ਵਿਚ ਗੁਰਸਿੱਖੀ ਆਈ। ਭਾਈ ਬੰਨੋ ਜੀ ਨੇ ਆਪਣੀ ਸੁਪਤਨੀ ਦੇ ਸਤਿਸੰਗ ਨਾਲ ਗੁਰਸਿੱਖਾਂ ਦੇ ਉਚੇ ਜੀਵਨ ਦੇਖੇ ਤੇ ਛੇਤੀ ਹੀ ਗੁਰਸਿੱਖੀ ਵੱਲ ਝੁਕ ਗਏ। ਇਸ ਬੀਬੀ ਦੇ ਪੇਟੋਂ ਭਾਈ ਹੋਰਾਂ ਦੇ ਘਰ 8 ਪੁੱਤਰ ਪੈਦਾ ਹੋਏ। ਉਹਨਾਂ ਅੱਠ ਪੁੱਤਰਾਂ ਦੇ ਨਾਂ ਇਹ ਹਨ, (1) ਮੱਲ, (2) ਟੱਲ, (3) ਤਾਰਾ ਚੰਦ, (4) ਦੁਆਰਾ ਜਾਂ ਦਵਾਰਕਾ, (5) ਲੱਖੂ, (6) ਬੱਖੂ ਅਥਵਾ ਬਖਤ ਮੱਲ (7) ਉੱਤਮ ਅਤੇ (8) ਬੁੱਧੂ। ਇਹਨਾਂ ਅੱਠਾਂ ਪੁੱਤਰਾਂ ਨੂੰ ਭਾਈ ਬੰਨੋ ਨੇ ਮਦਰਸੇ ਭੇਜ ਕੇ ਵਿੱਦਿਆ ਪੜ੍ਹਾਈ[4] ਪਰ ਉਹਨਾਂ ਨੇ ਕਿਤਨੀ ਪੜ੍ਹੀ ਇਸ ਬਾਰੇ ਕੋਈ ਵੇਰਵਾ ਕਿਤੋਂ ਨਹੀਂ ਮਿਲਦਾ। ਭਾਈ ਬੰਨੋ ਪ੍ਰਕਾਸ਼ ਵਿਚ ਲਿਖਿਆ ਹੈ ਕਿ :

ਅਸਨ ਬਸਨ ਬਹੁ ਸੰਪਦਾ, ਤਿੰਨ ਕੋ ਪੰਥਕ ਸੁ ਦੀਨ।
ਜਿਸ ਕ੍ਰਿਪਾ ਕਰਿ ਵਿਦਯਾ ਦਾਨ ਸੁਤਨ ਕੋ ਕੀਨ ॥8॥

ਤੇ ਫਿਰ ਵਿੱਦਿਆ ਦਾ ਫਲ ਦੱਸ ਕੇ ਉਹਨਾਂ ਅੱਠਾਂ ਹੀ ਪੁੱਤਰਾਂ ਨੂੰ ਗੁਰੂ ਆਸ਼ੇ ਅਨੁਸਾਰ "ਵਿਦਿਆ ਵੀਚਾਰੀ ਤਾਂ ਪਰਉਪਕਾਰੀ ਪੜ੍ਹਿ ਪੜ੍ਹਿ ਆਵੈ ਮਾਨ।" ਦੱਸ ਕੇ ਪਰਮਾਰਥ ਦਾ ਉਪਦੇਸ਼ ਇਹਨਾਂ ਸ਼ਬਦਾਂ ਵਿਚ ਦਿੱਤਾ :

ਵਿਦਿਯਾ ਸਫਲ ਹੋਤ ਤਬ ਭਾਈ। ਕਰੈ ਸੇਵ ਤਨ ਮਨ ਧਨ ਲਾਈ।
ਉਤਮ ਸੇਵ ਸੁ ਮਨ ਕੀ ਜਾਨ। ਮੱਧਮ ਤਨ ਕੀ ਲੇਹੁ ਪਛਾਨ ॥9॥
ਕਨਿਸਟ ਸੇਵ ਧਨ ਕੀ ਅਹਿ ਪਯਾਰੇ। ਤੁਮ ਪ੍ਰਤਿ ਕਹੋ ਸੁਣੈ ਸੁਤਿ ਧਾਰੇ।
ਅਰਧਾਛਰ ਜਿਨ ਦੀਆ ਦਾਨ। ਸੋ ਵਿਦਯਾ ਕੋ ਗੁਰੁ ਪਹਿਚਾਨ ॥10॥

(ਭਾਈ ਬੰਨੋ ਪ੍ਰਕਾਸ਼, ਅਧਿ. 6)

ਇਸ ਤਰ੍ਹਾਂ ਸ਼ੁਭ ਉਪਦੇਸ਼ ਦੇ ਕੇ ਭਾਈ ਬੰਨੋ ਨੇ ਆਪਣੇ ਪੁੱਤਰਾਂ ਨੂੰ ਪੂਰੇ-ਪੂਰੇ ਆਤਮ-ਗਿਆਨੀ ਆਗਿਆਕਾਰੀ ਤੇ ਪਰਮਾਰਥ ਦਾ ਪੰਧਾਊ ਬਣਾ ਦਿੱਤਾ। ਕੁਝ ਸਮੇਂ ਪਿੱਛੋਂ ਜਦੋਂ ਉਹ ਵਿਆਹੇ ਜਾਣ ਤੇ ਆਰ-ਪਰਿਵਾਰ ਵਾਲੇ ਹੋ ਗਏ ਤਾਂ ਉਹਨਾਂ ਨੇ ਭਾਈ ਸਾਹਿਬ ਦੇ ਅੱਗੇ ਆਪਣੀਆਂ ਰੋਜ਼ਾਨਾ ਜੀਵਨ ਦੀਆਂ ਮੁਸ਼ਕਲਾਂ ਪੇਸ਼ ਕੀਤੀਆਂ ਤੇ ਅਪਾਰ ਧਨ-ਸੰਪਦਾ ਦੇਣ ਲਈ ਬੇਨਤੀ ਕੀਤੀ :

ਸੰਪਤਿ ਬਿਨਾ ਜਗਤ ਬਿਵਹਾਰ। ਨਹਿ ਪੂਰਨ ਹੋਵਤ ਮਤਿ ਸਾਰ ॥12॥
ਬਿਨ ਸੰਪਤਿ ਗ੍ਰਿਹਸਤੀ ਅਤਿ ਦੀਨ। ਪਰਮ ਕਸਟ ਜਾਣੋ ਪਰਬੀਨ।
ਸਿਖ ਸਾਧੁ ਕੋ ਦਿਖ ਮੂੰਹ ਫੇਰੇ। ਸਾਕ ਬੰਧੁ ਕੋਈ ਆਇ ਨ ਨੇਰੇ ॥13॥
ਜਗਤ ਵਿਖੈ ਪਾਵੈ ਨਹਿ ਆਦਰ। ਜਹਿ ਕਹਿ ਤਿਸ ਕਾ ਹੋਇ ਨਿਰਾਦਰ।
ਸਭ ਕੋਈ ਤਿਸ ਕੋ ਕਰ ਹੈ ਹਾਸੀ।.....................॥14॥

(ਭਾਈ ਬੰਨੋ ਪ੍ਰਕਾਸ਼)

ਇਹ ਪ੍ਰਸ਼ਨ ਸੁਣ ਕੇ ਭਾਈ ਬੰਨੋ ਨੇ ਇਸ ਦਾ ਉੱਤਰ ਇਹਨਾਂ ਸ਼ਬਦਾਂ ਵਿਚ ਦਿੱਤਾ :

ਹਮਰੇ ਸੰਗ ਆਵਹੁ ਤੁਮ ਤਾਤਾ। ਕਾਹੂ ਸਿਉ ਕਹਿਓ ਨਹੀਂ ਬਾਤਾ।
ਇਹ ਚਾਰੋ ਚਹਿਯਤ ਹੈਂ ਗੁਪਤ। ਇਨ ਕੋ ਰਾਖੈ ਜਿਵ ਕਿਵ ਸੁਪਤ ॥24॥
ਪਰ ਧਨ, ਪਰ ਸੇਜਾ, ਪਰ ਤ੍ਰਿਯਾ। ਪਰ ਨੁਕਸਾਨ ਖੂਨ ਪਰ ਕਿਯਾ।
ਇਨ ਕੋ ਪ੍ਰਗਟ ਕਬਹੂੰ ਨ ਕਰੈ। ਰਾਜਨੀਤਿ ਅਸ ਬਚਨ ਉਚਰੈ ॥25॥

ਫਿਰ ਭਾਈ ਬੰਨੋ ਜੀ ਆਪ ਪੁੱਤਰਾਂ ਸਮੇਤ ਪਿੰਡੋਂ ਨੇੜੇ ਹੀ ਇਕ ਜੰਗਲ ਵਿਚ ਗਏ ਤੇ ਉਥੇ ਦੱਬੇ ਹੋਏ ਖਜ਼ਾਨੇ ਆਪਣੇ ਪੁੱਤਰਾਂ ਨੂੰ ਦਿਖਾਏ ਤੇ ਕਹਿਆ :

ਏਕ ਬਾਤ ਤੁਮ ਸੋ ਕਹਉ, ਸੁਣੋ ਤਾਤ ਮਤਿਮਾਨ।
ਭਾਵੈ ਸਿਖੀ ਰਾਖੀਐ, ਭਾਵੈ ਸੰਪਤਿ ਆਨ ॥35॥

ਜਿਵੇਂ ਇਕ ਮਿਆਨ ਵਿਚ ਦੋ ਤਲਵਾਰਾਂ, ਇਕ ਦੇਸ ਜਾਂ ਨਗਰ ਵਿਚ ਦੋ ਰਾਜੇ, ਇਕ ਖੱਡ ਵਿਚ ਦੋ ਸੱਪ, ਇਕ ਜੰਗਲ ਵਿਚ ਦੋ ਸਿੰਘ, ਇਕ ਪੁਰਸ਼ ਦੇ ਘਰ ਦੋ ਇਸਤਰੀਆਂ ਟਿਕ ਨਹੀਂ ਸਕਦੀਆਂ, ਇਸੇ ਤਰ੍ਹਾਂ ਸੰਪਤਿ

ਵਿਚ ਗੁਰਸਿੱਖੀ ਭਾਵ ਨਹੀਂ ਟਿਕ ਸਕਦਾ। ਸੋ ਇਸ ਲਈ ਤੁਸੀਂ ਪਹਿਲਾਂ ਚੰਗੀ ਤਰ੍ਹਾਂ ਇਹ ਗੱਲ ਸੋਚ-ਵਿਚਾਰ ਲਓ :

ਜੇ ਸਿੱਖੀ ਤੁਮ ਰਾਖੀਓ, ਸੰਪਤਿ ਕਰੋ ਤਿਆਗ।
ਜੇ ਸੰਪਤਿ ਕੀ ਲੋਰ ਨੂੰ, ਨਹਿ ਸਿੱਖੀ ਅਨੁਰਾਗ ॥37॥[5]

ਭਾਈ ਬੰਨੋ ਜੀ ਦੇ ਇਹ ਬਚਨ ਸੁਣ ਕੇ ਪੁੱਤਰਾਂ ਨੇ ਧਨ-ਸੰਪਦਾ ਦਾ ਮੋਹ ਉਥੇ ਹੀ ਛੱਡ ਦਿੱਤਾ ਤੇ ਉਹ ਖਜ਼ਾਨੇ ਵੀ ਉੱਥੇ ਹੀ ਉਸੇ ਤਰ੍ਹਾਂ ਦੱਬੇ ਪਏ ਛੱਡ ਕੇ ਘਰ ਵੱਲ ਪਰਤ ਆਏ ਤੇ ਗੁਰੂਸਿੱਖੀ ਉਤੇ ਪੂਰੀ ਤਰ੍ਹਾਂ ਨਿਸ਼ਚਾ ਲੈ ਆਂਦਾ।

5. ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਮਿਲਾਪ

ਮਹੀਨਾ ਹਾੜ੍ਹ ਸੰਮਤ 1645 ਬਿ. (ਮੁਤਾਬਕ ਸੰਨ 1588) ਵਿਚ ਜਦੋਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਤਲ ਸੁਧਾ ਸਰੋਵਰ ਤਿਆਰ ਕਰਵਾਇਆ ਤਾਂ ਇਸ ਖ਼ੁਸ਼ੀ ਵਿਚ ਇਕ ਵੱਡਾ ਭਾਰੀ ਜੱਗ ਅਥਵਾ ਪ੍ਰੀਤੀ ਭੋਜਨ ਕੀਤਾ ਜਿਸ ਵਿਚ ਭਾਗ ਲੈਣ ਲਈ ਦੂਰੋਂ-ਨੇੜਿਓਂ ਹਰ ਪਾਸੇ ਤੋਂ ਸਿੱਖ ਸੰਗਤਾਂ ਗੁਰੂ ਜੀ ਦੇ ਦਰਸ਼ਨਾਂ ਵਾਸਤੇ ਆਈਆਂ ਤਾਂ ਖਾਰੇ ਤੋਂ ਭਾਈ ਬੰਨੋ ਜੀ ਵੀ ਜੋ ਗੁਰਸਿੱਖੀ ਦੇ ਪਹਿਲਾਂ ਹੀ ਚੰਗੇ ਸ਼ਰਧਾਲੂ ਸਨ, ਬਹੁਤ ਸਾਰੇ ਸਤਿਸੰਗੀਆਂ ਸਮੇਤ ਅੰਮ੍ਰਿਤਸਰ ਆਏ ਤੇ ਉਹ ਗੁਰੂ ਦਰਬਾਰ ਦੀ ਸੋਭਾ ਤੇ ਸਜ-ਧਜ ਦੇਖ ਕੇ ਹਮੇਸ਼ਾ ਲਈ ਉਹਨਾਂ ਦੇ ਹੀ ਹੋ ਗਏ।

ਭਾਈ ਬੰਨੋ ਆਇਆ, ਗੁਰੂ ਦੇ ਸਰਨ ਦੁਆਰ।
ਡਿੱਠਾ ਸਚੇ ਪਾਤਸ਼ਾਹ, ਖਿਹ ਮਹਿ ਲਿਆ ਉਬਾਰ ॥1॥

(ਵਾਰ ਭਾਈ ਬੰਨੋ ਸਾਹਿਬ ਜੀ ਕੀ)

ਬਸ ਫਿਰ ਕੀ ਸੀ, ਭਾਈ ਹੋਰਾਂ ਦੀ ਪਵਿੱਤਰ ਆਤਮਾ, ਜੋ ਪਹਿਲਾਂ ਹੀ ਬੜੀ ਨਿਰਮਲ ਤੇ ਭਗਤੀ ਭਾਵ ਨਾਲ ਭਰਪੂਰ ਸੀ, ਇਕ ਨਵੇਂ ਆਤਮਿਕ ਸੰਦੇਸ਼ ਨੂੰ ਮੁੱਖ ਰਖ ਕੇ ਉੱਭਰੀ, ਜਿਸ ਦਾ ਨਤੀਜਾ ਇਹ ਹੋਇਆ ਕਿ ਉਹ ਗੁਰੂ ਸਾਹਿਬ ਵੱਲੋਂ ਗੁਰਸਿੱਖੀ ਦੀ ਬਖਸ਼ਿਸ਼ ਹੋਣ[6] ਤੇ ਵਾਰ ਗੋਂਦਲਾ ਦੇ ਪ੍ਰਮੁੱਖ ਪ੍ਰਚਾਰਕ ਥਾਪੇ ਗਏ ਤੇ ਆਪਣੇ ਇਲਾਕੇ ਵਿਚ ਥਾਂ ਪਰ ਥਾਂ ਫਿਰ ਕੇ ਗੁਰਸਿੱਖੀ ਦਾ ਉਪਦੇਸ਼ ਦੇਣ ਲੱਗ ਪਏ। ਲਾਂਭ-ਚਾਂਭ ਦੇ ਪਿੰਡਾਂ ਤੋਂ ਇਲਾਵਾ ਆਪਣੇ ਨਗਰ ਖਾਰੇ ਵਿਚ ਵੀ ਉਹਨਾਂ ਨੇ ਧਰਮਸ਼ਾਲਾ ਥਾਪ ਕੇ ਇਕ ਅੱਛਾ ਸਤਿਸੰਗ ਕਾਇਮ ਕਰ ਲਿਆ। ਇਹ ਧਰਮਸ਼ਾਲਾ ਨਗਰ ਖਾਰੇ ਤੋਂ ਇਕ ਪਾਸੇ ਕੁਝ ਦੂਰ ਹੋਣ ਕਰਕੇ ਉਸ ਸਮੇਂ ਜੰਡੋਰੇ[7] ਦੇ ਨਾਂ ਨਾਲ ਪ੍ਰਸਿੱਧ ਸੀ। ਭਾਈ ਬੰਨੋ ਦੇ ਖਾਨਦਾਨ ਦਾ ਭਰੋਸਾ ਹੈ ਕਿ ਭਾਈ ਬੰਨੋ ਦੇ ਪਿਤਾ ਭਾਈ ਬਿਸ਼ਨੁ ਦਾਸ ਨੂੰ ਉਸ ਦੇ ਭਗਤੀ ਭਾਵ ਤੋਂ ਪ੍ਰਸੰਨ ਹੋ ਕੇ ਇਸ ਸਥਾਨ ਪਰ ਭਗਵਾਨ (ਪਰਮੇਸ਼ਵਰ) ਨੇ ਪ੍ਰਤੱਖ ਰੂਪ ਵਿਚ ਦਰਸ਼ਨ ਦਿੱਤਾ ਤੇ ਉਸ ਦੇ ਘਰ ਛੇਤੀ ਹੀ ਭਗਤ-ਪੁੱਤਰ ਭਾਈ ਬੰਨੋ ਦੇ ਪ੍ਰਗਟ ਹੋਣ ਦਾ ਵਰ ਦਿੱਤਾ ਸੀ, ਜਿਵੇਂ ਕਿ ਲਿਖਿਆ ਹੈ :

ਬਹੁਤ ਕਾਲ ਸੇਵਾ ਕਰੀ, ਸੰਤ ਬਿਪ ਗੁਰਦੇਵ।
ਸ੍ਰੀ ਵਿਸ਼ੂਨਾਥ ਰੀਝਤ ਭਏ, ਵਿਸ਼ਨੂੰ ਪ੍ਰਤਿ ਸੁਨ ਭੇਵ ॥71॥

ਚੌਪਾਈ *ਸੰਤ ਕਲੇਵਰ ਧਰਿ ਭਗਵਾਨ। ਖਾਰੇ ਮੱਧ ਪ੍ਰਗਟ ਭਏ ਜਾਨ।*
ਕਛੂ ਨਗਰ ਤੇ ਜਾਨ ਸੁ ਦੂਰ। ਬੈਠਤ ਭਏ ਤਾਹ ਛਬਿ ਪੂਰ ॥73॥
ਜਹ ਅਬ ਬਨਾ ਜਾਨ ਦਰਬਾਰ। ਤਿਸ ਅਸਥਾਨ ਬੈਠੇ ਸੁਖਸਾਰ।
ਵਿਸਨੁ ਚੰਦ ਜਬ ਹੀ ਸੁਨਿ ਪਾਵਾਂ। ਕੋਊ ਸੰਤ ਨਗਰਿ ਮੁਝ ਆਵਾਂ ॥74॥
ਪਦ ਪੰਕਜ ਪਰ ਸੀਸ ਸੁ ਧਰਾ। ਅਸਨ ਥਾਰ ਆਗੈ ਤਿਨ ਕਰਾ।
ਹੋਇ ਪ੍ਰਸੰਨ ਅਚਯੋ ਭਗਵਾਨ। ਵਿਸਨ ਚੰਦ ਪਰ ਬਚਨ ਬਖਾਨ ॥76॥

ਦੋਹਰਾ *ਭਗਤ ਪੂਤ ਤਵ ਧਾਮ ਹੋਇ, ਕਹੇ ਬਚਨ ਜਗਦੀਸ।*
ਹੋਇ ਪ੍ਰਸੰਨ ਅਸਬਰ ਦਿਯੋ, ਭਏ ਲੋਪ ਤਹ ਈਸ ॥77॥

ਭਾਈ ਬੰਨੋ ਜੀ ਦੀ ਨਿੱਤ ਕਿਰਿਆ ਇਹ ਸੀ ਕਿ ਜਦੋਂ ਦਿਨ ਦਾ ਪਿਛਲਾ ਪਹਿਰ ਹੁੰਦਾ ਤਾਂ ਉਹ ਰੋਜ ਘਰੋਂ ਆਉਂਦੇ ਤੇ ਉਥੇ ਸਤਿਸੰਗ, ਨਾਮ-ਬਾਣੀ ਤੇ ਕਥਾ-ਕੀਰਤਨ ਦਾ ਰਸ ਮਾਣਦੇ ਤੇ ਅਖੰਡ ਪ੍ਰਵਾਹ ਚਲਾਉਂਦੇ ਸਨ। ਇਸ ਤੋਂ ਅੱਗੋਂ-ਪਿੱਛੋਂ ਘਰ ਵਿਚ ਰਹਿੰਦਿਆਂ ਹੋਇਆਂ ਉਹ ਨਿੱਤ ਸਵੇਰੇ ਸਵਾ ਪਹਿਰ ਦੇ ਤੜਕੇ ਜਾਗਦੇ, ਸਚੇਤ ਹੋ ਕੇ ਇਸਨਾਨ ਕਰਿ ਜਪੁ, ਸੁਖਮਨੀ ਆਦਿ ਬਾਣੀਆਂ ਦਾ ਪਾਠ ਕਰਦੇ ਤੇ ਫਿਰ ਕੀਰਤਨੁ ਦਾ ਪ੍ਰਵਾਹ ਚਲਾਉਂਦੇ ਸਨ। ਇਸ ਤਰ੍ਹਾਂ ਅੱਧਾ ਦਿਨ ਉਹਨਾਂ ਦਾ ਬੀਤ ਜਾਂਦਾ ਸੀ। ਫਿਰ ਲੰਗਰ ਵਿਚ ਜਾ ਕੇ ਪ੍ਰਸ਼ਾਦ ਛਕਦੇ ਤੇ ਪਿੱਛੋਂ ਧਰਮਸ਼ਾਲਾ (ਗੁਰੂ ਦਰਬਾਰ ਜੰਡੋਰੇ) ਪਹੁੰਚ ਕੇ ਹਾਜ਼ਰੀ ਭਰਦੇ ਹੋਏ ਬੜੇ ਰਸੀਲੇ ਢੰਗ ਨਾਲ ਗੁਰਬਾਣੀ ਦੀ ਕਥਾ ਕਰਦੇ ਸਨ। ਫਿਰ ਕੀਰਤਨ ਤੋਂ ਬਾਅਦ ਸ਼ਾਮ ਨੂੰ ਰਹਿਰਾਸ ਤੇ ਆਰਤੀ ਸੋਹਿਲਾ ਪੜ੍ਹ ਕੇ ਤੇ ਪ੍ਰਸ਼ਾਦ ਵਰਤਾ ਕੇ ਦੀਵਾਨ ਦੀ ਸਮਾਪਤੀ ਕਰ ਦਿੰਦੇ ਸਨ। ਇਹ ਉਹਨਾਂ ਦਾ ਨਿੱਤ ਨੇਮ ਸੀ ਜਿਸ ਦੀ ਤਸਦੀਕ *ਭਾਈ ਬੰਨੋ ਪ੍ਰਕਾਸ਼* ਨਾਮੀ ਪੁਸਤਕ ਦੇ ਸਫ਼ਿਆਂ ਤੋਂ ਭਲੀ ਪ੍ਰਕਾਰ ਹੁੰਦੀ ਹੈ।

7. ਗੁਰੂ ਦਰਬਾਰ ਵਿਚ ਭਾਈ ਬੰਨੋ ਦਾ ਦਰਜਾ

ਭਾਈ ਬੰਨੋ ਜੀ, ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਰਧਾਲੂ ਸਿੱਖ, ਨਾਮ ਬਾਣੀਏ ਦੇ ਰਸੀਏ ਤੇ ਗੁਰਮਤਿ ਦੇ ਉਚੇ-ਸੁਚੇ ਪ੍ਰਚਾਰਕ ਸਨ। ਪਿੰਡ ਖਾਰੇ ਤੋਂ ਸੰਗਤ ਸਮੇਤ ਚੱਲ ਕੇ ਇਹ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਇਕ ਦੋ ਵਾਰ ਹਰੇਕ ਸਾਲ ਅੰਮ੍ਰਿਤਸਰ ਆਇਆ ਕਰਦੇ ਸਨ। ਇਹਨਾਂ ਦੀ ਰਹਿਣੀ-ਬਹਿਣੀ ਕਿਤਨੀ ਅੱਛੀ ਗੁਰਮੁਖਾਂ ਵਾਲੀ ਸੀ ਤੇ ਇਹ ਗੁਰ-ਭਗਤੀ ਵਿਚ ਕਿਤਨਾ ਪਵਿੱਤਰ ਜੀਵਨ ਬਣਾ ਕੇ ਰਖਦੇ ਸਨ ਇਸ ਗੱਲ ਦਾ ਇੱਥੋਂ ਹੀ ਪਤਾ ਲੱਗਦਾ ਹੈ ਕਿ ਸ੍ਰੀ ਦਰਬਾਰ ਹਰਿ ਮੰਦਰ ਸਾਹਿਬ ਤਿਆਰ ਹੋਣ ਤੇ ਜਦੋਂ ਗੁਰੂ ਅਰਜਨ ਦੇਵ ਜੀ ਨੇ ਇਸ ਖ਼ੁਸ਼ੀ ਵਿਚ ਜੱਗ ਰਚਿਆ ਅਥਵਾ ਬ੍ਰਹਮ-ਭੋਜ ਕੀਤਾ ਤਾਂ ਕੁਝ ਪੁਰਾਤਨ ਖਿਆਲੀਏ ਸਿੱਖਾਂ ਨੇ ਸੁਝਾਓ ਦਿੱਤਾ ਕਿ ਪਹਿਲਾ ਥਾਲ ਕਿਸੇ ਅੱਛੇ ਬ੍ਰਾਹਮਣ, ਬੇਦੀ, ਤ੍ਰੇਹਣ ਜਾਂ ਭਲੇ ਪਰੋਹਿਤ ਨੂੰ ਛਕਾਇਆ ਜਾਵੇ, ਪਰ ਗੁਰੂ ਨਾਨਕ ਦੇ ਸਮੇਂ ਤੋਂ ਲੈ ਕੇ ਸਿੱਖਾਂ ਵਿਚ ਚੂੰਕਿ ਇਹ ਊਚ-ਨੀਚ ਜਾਂ ਪਰੋਹਿਤ ਗੀਰੀ ਦਾ ਸਿਲਸਿਲਾ ਹਟ ਚੁੱਕਾ ਸੀ ਤੇ ਗੁਰੂ ਸਾਹਿਬ ਬਿਨਾਂ ਕਿਸੇ ਵਲ-ਵਿਤਕਰੇ ਤੋਂ ਹਮੇਸ਼ਾ ਪਵਿੱਤਰ ਜੀਵਨ ਵਾਲੇ ਗੁਰਮੁਖ ਗੁਰਸਿੱਖਾਂ ਦਾ ਹੀ ਵਧੇਰੇ ਸਨਮਾਨ ਕਰਦੇ ਸਨ, ਇਸ ਲਈ ਉਹਨਾਂ ਨੇ ਪਹਿਲਾ ਥਾਲ ਭਾਈ ਬੰਨੋ ਅੱਗੇ ਰਖਵਾਇਆ ਤੇ ਕਿਹਾ ਇਹ ਸਾਡੇ ਪਰੋਹਿਤ ਹਨ[8] ਇਸ ਦਾ ਮਤਲਬ ਇਹ ਹਰਗਿਜ਼ ਨਹੀਂ ਕਿ ਗੁਰੂ ਜੀ ਨੇ ਨਵੇਂ ਪੁਜਾਰੀ ਖੜ੍ਹੇ ਕਰਕੇ ਇਕ ਨਵੀਂ ਸੰਸਥਾ ਨੂੰ ਜਨਮ ਦਿੱਤਾ ਸੀ, ਸਗੋਂ ਇਸ ਕਥਨ ਦਾ ਸਾਫ਼ ਭਾਵ ਇਹੋ ਸੀ ਕਿ ਉਹ ਹਮੇਸ਼ਾ ਉੱਚ ਜੀਵਨ ਵਾਲੇ ਸਤਿ ਪੁਰਸ਼ਾਂ ਨੂੰ ਹੀ ਹਮੇਸ਼ਾ ਉੱਤਮ ਤੇ ਵੱਡੇ ਗਿਣਦੇ ਸਨ।

7. ਸ੍ਰੀ ਆਦਿ ਗ੍ਰੰਥ ਜੀ ਦੀ ਰਚਨਾ

ਸੰਮਤ 1645 ਬਿ. ਤੋਂ ਸੰਮਤ 1660 ਤੱਕ ਲਗਪਗ 16 ਸਾਲਾਂ ਵਿਚ ਸਿੱਖੀ ਪ੍ਰਚਾਰ ਦੇ ਪ੍ਰਸਿੱਧ ਕੇਂਦਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਸ੍ਰੀ ਦਰਬਾਰ ਸਾਹਿਬ ਤਰਨ ਤਾਰਨ, ਕਰਤਾਰਪੁਰ (ਜਾਲੰਧਰ) ਆਦਿ ਕਾਇਮ ਹੋਣ ਤੇ ਗੁਰੂ ਸਾਹਿਬ ਨੇ ਸਿੱਖਾਂ ਨੂੰ ਪ੍ਰੇਰਨਾ ਕਰਕੇ ਦੇਸ-ਪ੍ਰਦੇਸ ਵਿਚ ਥਾਉਂ ਥਾਈਂ ਧਰਮਸ਼ਾਲਾ ਬਣਾਈਆਂ ਤੇ ਇਸ ਪ੍ਰਚਾਰ ਨੂੰ ਹੋਰ ਪਕੇਰਾ ਤੇ ਸਦੀਵੀ ਰੂਪ ਦੇਣ ਲਈ *ਸ੍ਰੀ ਆਦਿ ਗ੍ਰੰਥ ਜੀ* ਦੀ ਰਚਨਾ ਦਾ ਪ੍ਰੋਗਰਾਮ ਬਣਾਇਆ। ਫਿਰ ਇਸ ਬਾਰੇ ਗੁਰਬਾਣੀ ਦੀਆਂ ਪੁਰਾਤਨ ਪੋਥੀਆਂ ਦੀ ਭਾਲ ਹੋਣ ਲਗੀ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਰਾਮਦਾਸ ਜੀ ਤੱਕ ਜਦੋਂ ਚਾਰ ਪਾਤਸ਼ਾਹੀਆਂ ਦੀ ਬਾਣੀ ਇਕੱਠੀ ਹੋ ਗਈ ਤਾਂ ਇਸ ਖ਼ਿਆਲ ਨਾਲ ਕਿ ਕਿਤੇ ਇਸ ਖੋਜ ਵਿਚ ਕੋਈ ਕਮੀ ਬਾਕੀ ਨਾ ਰਹਿ ਜਾਵੇ, ਇਸ ਲਈ ਗੋਇੰਦਵਾਲ ਵਾਲੀਆਂ ਦੋਵੇਂ ਪੋਥੀਆਂ, ਜੋ ਸ੍ਰੀ ਅਮਰਦਾਸ ਜੀ ਦੇ ਸਮੇਂ ਦੀਆਂ ਪਰਮ ਪ੍ਰਸਿੱਧ ਹੱਥ-ਲਿਖਿਤ ਪ੍ਰਤੀਆਂ ਹਨ, ਦੇਖਣੀਆਂ ਜ਼ਰੂਰੀ ਸਮਝੀਆਂ, ਇਸ ਲਈ ਪਹਿਲਾਂ ਭਾਈ ਗੁਰਦਾਸ, ਫਿਰ ਬਾਬਾ ਬੁੱਢਾ ਤੇ ਪਿੱਛੋਂ ਆਪ ਇਸੇ ਕੰਮ ਵਾਸਤੇ ਮੋਹਨ ਤੇ ਮੋਹਰੀ ਜੀ ਦੇ ਪਾਸ ਗੋਇੰਦਵਾਲ ਗਏ ਤੇ ਜਿਵੇਂ ਕਿਵੇਂ ਵੀ ਜਤਨ ਹੋ ਸਕਿਆ ਉਹ ਪੋਥੀਆਂ ਉਹਨਾਂ ਤੋਂ ਲੈ ਆਏ।

ਇਸ ਤੋਂ ਬਾਅਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਅੰਮ੍ਰਿਤਸਰ ਦੇ ਸਥਾਨ ਪਰ ਰਾਮਸਰ ਦੇ ਸਥਾਨ ਪੁਰ ਏਕਾਂਤ ਸਥਾਨ ਦੇਖ ਕੇ ਤੰਬੂ ਲਗਵਾਇਆ, ਕਾਗਜ਼ ਕਲਮ ਮੰਗਵਾਏ, ਭਾਈ ਗੁਰਦਾਸ ਜੀ ਭੱਲੇ, ਜੋ ਗੁਰੂ

ਸਾਹਿਬ ਦੀ ਮਾਤਾ ਬੀਬੀ ਭਾਨੀ ਜੀ ਦੇ ਨੇੜਿਉਂ ਭਾਈ ਸਨ, ਲਿਖਾਰੀ ਨਿਯੁਕਤ ਹੋਏ ਤੇ ਇਸ ਤਰ੍ਹਾਂ *ਸ੍ਰੀ ਆਦਿ ਗ੍ਰੰਥ ਜੀ* ਦੀ ਬੀੜ ਦੇ ਰੂਪ ਵਿਚ ਗੁਰਬਾਣੀ ਸੰਗ੍ਰਹਿ ਤੇ ਸੰਪਾਦਨ ਦਾ ਕੰਮ ਸੰਮਤ 1660 ਬਿ. ਵਿਚ ਸ਼ੁਰੂ ਹੋਇਆ। ਮੁੱਢ ਵਿਚ ਸਮੇਂ-ਕ੍ਰਮ ਤੇ ਰਾਗ-ਕ੍ਰਮ ਦੇ ਅਨੁਸਾਰ ਪੰਜ ਗੁਰੂਆਂ ਦੀ ਬਾਣੀ ਤੇ ਫਿਰ ਭਗਤੀ ਸੰਪ੍ਰਦਾਇ ਦੇ ਮੋਢੀ ਸੰਤਾਂ-ਭਗਤਾਂ ਦੀ ਰੱਬੀ ਬਾਣੀ, ਬਿਨਾਂ ਕਿਸੇ ਊਚ ਨੀਚ ਜਾਂ ਮਤ-ਮਤਾਂਤਰ ਦੇ ਵਲ-ਵਿਤਕਰੇ ਤੋਂ ਦਰਜ ਕੀਤੀ ਗਈ। ਅੰਤ ਵਿਚ ਸ਼ਲੋਕ ਕਬੀਰ, ਫ਼ਰੀਦ, ਭੱਟਾਂ ਦੇ ਸਵੱਯੇ ਤੇ ਸ਼ਲੋਕ ਵਾਰਾਂ ਤੇ ਵਧੀਕ ਕ੍ਰਮ ਅਨੁਸਾਰ ਲਿਖ ਕੇ ਮੁੰਦਾਵਣੀ ਉੱਤੇ ਭੋਗ ਪਾ ਦਿੱਤਾ ਗਿਆ ਇਸ ਤਰ੍ਹਾਂ ਇਹ ਸ਼ੁਭ ਕਾਰਜ ਇਕ ਸਾਲ ਨੌਂ ਮਹੀਨੇ ਲੱਗਣ ਤੇ ਮਿਤੀ ਭਾਦੋਂ ਵਦੀ ਏਕਤ ਸੰਮਤ 1661[9] ਬਿ. ਨੂੰ ਸਮਾਪਤ ਹੋਇਆ।

ਭੱਟ, ਜਿਨ੍ਹਾਂ ਦੀ ਬਾਣੀ *ਸ੍ਰੀ ਆਦਿ ਗ੍ਰੰਥ* ਵਿਚ ਦਰਜ ਕੀਤੀ, ਲਾਹੌਰ ਤੇ ਸੁਲਤਾਨ ਪੁਰ ਲੋਧੀ ਆਦਿ ਥਾਵਾਂ ਦੇ ਵਸਨੀਕ ਸਨ। ਉਹਨਾਂ ਦੀ ਬਾਣੀ ਤੇ ਹੋਰ ਭਗਤਾਂ ਦੀ ਬਾਣੀ *ਸ੍ਰੀ ਆਦਿ ਗ੍ਰੰਥ* ਵਿਚ ਦਰਜ ਹੁੰਦੀ ਸੁਣ ਕੇ ਲਾਹੌਰ ਦੇ ਸੂਫ਼ੀ ਤੇ ਭਗਤ ਸ਼ਾਹ ਹੁਸੈਨ, ਪੀਲੂ, ਭਗਤ ਕਾਨ੍ਹਾਂ, ਛੱਜੂ ਆਦਿ ਅੰਮ੍ਰਿਤਸਰ ਆਏ ਤੇ ਆਪਣੀ ਬਾਣੀ ਪੇਸ਼ ਕੀਤੀ, ਪਰ ਉਹ ਬਾਣੀ ਏਨੀ ਉਚ ਪੱਧਰ ਦੀ ਨਾ ਹੋਣ ਕਰਕੇ ਮਨਜ਼ੂਰ ਨਾ ਹੋ ਸਕੀ, ਜਿਸ ਕਰਕੇ ਉਹ ਨਿਰਾਸ਼ ਹੋ ਕੇ ਮੁੜ ਗਏ। ਭਗਤ ਕਾਨ੍ਹਾ ਮੁਤਸੱਦੀ ਤਾਂ ਵਾਪਸ ਲਾਹੌਰ ਜਾਂਦਾ ਹੋਇਆ ਰਸਤੇ ਵਿਚ ਹੀ ਗੱਡੀ ਉਲਟਣ ਕਰਕੇ ਮਰ ਗਿਆ। ਖ਼ੈਰ ਇਸ ਤਰ੍ਹਾਂ ਸੰਚੀਆਂ ਦੀ ਸ਼ਕਲ ਵਿਚ *ਸ੍ਰੀ ਆਦਿ ਗ੍ਰੰਥ* ਦੇ ਤਿਆਰ ਹੋਣ ਤੇ ਚੂੰਕਿ ਇਹ ਗੱਲ ਸਾਰੇ ਮਸ਼ਹੂਰ ਹੋ ਗਈ ਸੀ, ਇਸ ਲਈ ਦੁਸ਼ਟ ਦੋਖੀਆਂ ਦੀ ਨਜ਼ਰ ਤੋਂ ਬਚਾਉਣ ਵਾਸਤੇ ਇਸ ਗ੍ਰੰਥ ਦੀ ਹਿਫਾਜ਼ਤ ਦਾ ਗੁਰੂ ਜੀ ਨੂੰ ਖ਼ਾਸ ਪ੍ਰਬੰਧ ਕਰਨਾ ਪਿਆ ਤੇ ਇਹ ਬੀੜ, ਜਿਵੇਂ ਭਾਈ ਜਵਾਰ ਸਿੰਘ ਨੇ *ਭਾਈ ਬੰਨੋ ਪ੍ਰਕਾਸ਼* ਵਿਚ ਲਿਖਿਆ ਹੈ, ਪਿੰਡ ਤੰਗਾਂ ਵਿਚ ਇਕ ਸਿੱਖ ਦੇ ਘਰ ਰੱਖੀ ਤੇ ਇਸ ਦੇ ਰਖਵਾਲੀ ਉਸ ਘਰ ਦੇ ਇਰਦ-ਗਿਰਦ ਸਨੱਧ ਬੱਧ ਸਿੱਖਾਂ ਦਾ ਬੜਾ ਜ਼ਬਰਦਸਤ ਪਹਿਰਾ ਲਗਾ ਕੇ ਕੀਤੀ ਗਈ, ਜਿਵੇਂ ਕਿ ਇਸ ਪ੍ਰਮਾਣ ਤੋਂ ਪਤਾ ਲਗਦਾ ਹੈ :

> *ਏਕ ਸਿੱਖ ਤੁੰਗਾ ਕਾ ਵਾਸੀ। ਤਿਹ ਗ੍ਰਿਹ ਗ੍ਰੰਥ ਸੁ ਰਖ ਅਬਿਨਾਸੀ ॥58॥*
> *ਉਚ ਆਵਾਸ ਬੀਚ ਚਉਬਾਰੇ। ਤਿਸ ਮੈ ਗ੍ਰੰਥ ਸੁ ਰਖਾ ਸੁਧਾਰੇ।*
> *ਤੀਰ ਕਮਾਨ ਹਾਥ ਮੈ ਧਾਰੀ। ਖਰੇ ਰਹਿਤ ਸਿੱਖ ਤਿਸੈ ਅਟਾਰੀ ॥59॥*
> *ਪੰਛੀ ਤਹ ਬੈਸਨ ਨਹਿ ਪਰੈ। ਐਸੋ ਅਦਬ ਸੁ ਸਤਿਗੁਰੁ ਕਰੈ।...*
>
> *(ਭਾਈ ਬੰਨੋ ਪ੍ਰਕਾਸ਼, ਅਧਿਆਇ 13)*

ਏਨੀ ਤਕੜਾਈ ਦੀ ਗੁਰੂ ਜੀ ਨੂੰ ਇਸ ਕਰਕੇ ਲੋੜ ਪਈ ਕਿ ਉਹਨਾਂ ਦਾ ਵੱਡਾ ਭਾਈ ਪ੍ਰਿਥੀਚੰਦ ਤੇ ਉਸ ਦਾ ਪੁੱਤਰ ਸੋਢੀ ਮਨੋਹਰ ਦਾਸ ਉਰਫ ਮਿਹਰਵਾਨ ਬੜੀ ਦੇਰ ਤੋਂ ਗੁਰ-ਗੱਦੀ ਉੱਤੇ ਕਬਜ਼ਾ ਜਮਾਉਣ ਦੇ ਖ਼ਿਆਲ ਨਾਲ ਮਹਲਾ 1 ਤੋਂ ਮਹਲਾ 7 ਦੇ ਸਿਰਲੇਖਾਂ ਹੇਠ ਰਾਗ-ਕ੍ਰਮ ਦੇ ਅਨੁਸਾਰ ਆਦਿ ਅੰਤ ਵਿਚ ਗੁਰੂ ਨਾਨਕ ਨਾਮ ਦੀ ਮੋਹਰ ਲਾ ਕੇ ਅਸਲ ਗੁਰਬਾਣੀ ਦੇ ਮੁਕਾਬਲੇ ਤੇ ਨਕਲੀ ਬਾਣੀ ਲਿਖ ਰਹੇ ਸਨ ਜਿਸ ਬਾਰੇ ਅਣਜਾਣ ਸਿੱਖਾਂ ਨੂੰ ਕਈ ਵੇਰ ਬੜਾ ਧੋਖਾ ਲਗਦਾ ਸੀ। ਸੋ ਉਹਨਾਂ ਦੇ ਇਸ ਧੋਖੇ ਤੋਂ ਬਚਣ ਦੀ ਬੜੀ ਲੋੜ ਸੀ ਤੇ ਦੂਜੇ ਬੰਨੇ ਮੁਗਲ ਬਾਦਸ਼ਾਹ ਜਹਾਂਗੀਰ ਦੇ ਖ਼ਿਆਲ ਵੀ ਸਿੱਖਾਂ ਬਾਰੇ ਅੱਛੇ ਨਹੀਂ ਸਨ ਤੇ ਉਹ ਸਿੱਖ ਗੁਰੂਆਂ ਦੇ ਸਿੱਖੀ-ਪ੍ਰਚਾਰ ਨੂੰ ਜੜ੍ਹੋਂ-ਮੂਲੋਂ ਖ਼ਤਮ ਕਰ ਦੇਣ ਦਾ ਚਾਹਵਾਨ ਸੀ।[10]

8. ਸ੍ਰੀ ਆਦਿ ਗ੍ਰੰਥ ਦੀ ਬੀੜ ਤੇ ਭਾਈ ਬੰਨੋ

ਸ੍ਰੀ ਗੁਰੂ ਅਰਜਨ ਦੇਵ ਜੀ ਇਸ ਤਰ੍ਹਾਂ *ਸ੍ਰੀ ਆਦਿ ਗ੍ਰੰਥ ਜੀ* ਦੇ ਤਿਆਰ ਹੋਣ ਤੇ ਇਸ ਦੀ ਬੀੜ ਕਿੱਥੋਂ ਤੇ ਕਿਸ ਤਰ੍ਹਾ ਬੰਨ੍ਹਵਾਈ ਜਾਵੇ, ਇਹ ਗੱਲਾਂ ਅਜੇ ਸੋਚ ਹੀ ਰਹੇ ਸਨ ਕਿ ਅਚਾਨਕ ਭਾਈ ਬੰਨੋ ਜੀ ਆਪਣੀ ਸੰਗਤਿ, ਸਮੇਤ ਜਿਸ ਵਿਚ ਉਹਨਾਂ ਦੇ ਭਾਈ ਬੰਧੂ ਤੇ ਹੋਰ ਕੁਟੰਬੀ ਸਭ ਸ਼ਾਮਲ ਸਨ, *ਸ੍ਰੀ ਆਦਿ ਗ੍ਰੰਥ ਜੀ* ਦੀ ਸੋਭਾ ਸੁਣ ਕੇ ਦਰਸ਼ਨਾਂ ਵਾਸਤੇ ਸ੍ਰੀ ਅੰਮ੍ਰਿਤਸਰ ਆ ਗਏ। ਗੁਰੂ ਸਾਹਿਬ ਨੇ ਭਾਈ ਬੰਨੋ ਦਾ ਬੜਾ ਆਦਰ ਕੀਤਾ। ਅਰਦਾਸ, ਭੇਟਾ ਆਦਿ ਤੋਂ ਬਾਅਦ ਭਾਈ ਬੰਨੋ ਨੇ ਇਕ ਰਾਤ ਪਿੰਡ ਖਾਰੇ ਲੈ ਜਾਣ ਵਾਸਤੇ *ਸ੍ਰੀ ਆਦਿ ਗ੍ਰੰਥ ਜੀ* ਦੀ ਬੀੜ, ਜੋ ਵੱਖੋ-ਵੱਖ ਸੰਚੀਆਂ ਦੇ ਰੂਪ ਵਿਚ ਸੀ, ਬੜੀ ਅਧੀਨਗੀ ਨਾਲ ਮੰਗੀ। ਇਹ ਪ੍ਰੇਰਨਾ ਦਰ ਅਸਲ

ਉਸ ਨੂੰ ਗੁਰੂ ਜੀ ਦੀ ਕ੍ਰਿਪਾ ਨਾਲ ਹੀ ਹੋਈ ਸੀ।[11] ਗੁਰੂ ਸਾਹਿਬ ਇਸ ਬਾਰੇ ਪਹਿਲਾਂ ਹੀ ਸੋਚ ਰਹੇ ਸਨ ਕਿ ਕਿਸੇ ਤਰ੍ਹਾਂ *ਸ੍ਰੀ ਆਦਿ ਗ੍ਰੰਥ ਸਾਹਿਬ* ਜੀ ਦੀ ਬੀੜ ਤਿਆਰ ਕਰਵਾਈ ਜਾਵੇ, ਕਿਉਂਕਿ ਉਸ ਸਮੇਂ ਅੰਮ੍ਰਿਤਸਰ ਅਜੇ ਚੰਗੀ ਤਰ੍ਹਾਂ ਅਬਾਦ ਨਹੀਂ ਸੀ ਹੋਇਆ, ਇਸ ਲਈ ਕਿਤਾਬਾਂ ਦੀ ਜਿਲਦਸਾਜ਼ੀ ਦਾ ਕੰਮ ਲਾਹੌਰ ਹੀ ਹੁੰਦਾ ਸੀ ਜਾਂ ਦਿੱਲੀ। ਗੁਰੂ ਸਾਹਿਬ ਨੇ ਭਾਈ ਬੰਨੋ ਜੀ ਦੀ ਬੇਨਤੀ ਮੰਨ ਲਈ ਤੇ ਕਿਹਾ ਕਿ, "ਤੁਸੀਂ *ਸ੍ਰੀ ਆਦਿ ਗ੍ਰੰਥ* ਇਕ ਰਾਤ ਵਾਸਤੇ ਨਗਰ ਖਾਰੇ ਲੈ ਜਾਓ। ਉੱਥੋਂ ਮੁੜਦਿਆਂ ਹੋਇਆਂ ਲਾਹੌਰੋਂ ਇਸ ਦੀ ਚੰਗੀ ਜਿਲਦ ਤਿਆਰ ਕਰਵਾ ਲਿਆਉਣੀ।" ਭਾਈ ਸਾਹਿਬ ਨੇ ਗੁਰੂ ਜੀ ਦਾ ਇਹ ਬਚਨ ਮੰਨ ਲਿਆ, ਪਰ ਨਾਲ ਹੀ ਇਕ ਹੋਰ ਉਤਾਰਾ ਕਰਨ ਦੀ ਇਜਾਜ਼ਤ ਵੀ ਲੈ ਲਈ।

ਭਾਈ ਬੰਨੋ ਜੀ ਗੁਰੂ ਸਾਹਿਬ ਦੇ ਹੁਕਮ ਨਾਲ *ਸ੍ਰੀ ਆਦਿ ਗ੍ਰੰਥ ਜੀ* ਦੀ ਬੀੜ ਲੈ ਕੇ ਸੰਗਤਾਂ ਸਮੇਤ ਅੰਮ੍ਰਿਤਸਰੋਂ ਚੱਲ ਪਏ। ਭਾਈ ਜਵਾਰ ਸਿੰਘ ਮਾਂਗਟ ਦਾ ਕਥਨ ਹੈ ਕਿ ਉਹਨਾਂ ਨੇ ਅੰਮ੍ਰਿਤਸਰੋਂ ਤੁਰਦਿਆਂ ਹੀ ਇਕ ਦੋ ਜਾਂ ਦੋ ਚਹੁੰ ਕੋਹਾਂ ਉੱਤੇ ਰੋਜ਼ਾਨਾ ਪੜਾਉ ਕਰਕੇ ਆਪਣੇ ਲਿਖਾਰੀਆਂ ਤੋਂ ਬੀੜ ਲਿਖਵਾਉਣੀ ਸ਼ੁਰੂ ਕਰ ਦਿੱਤੀ[12] ਪਰ ਭਾਈ ਮੋਤਾ ਸਿੰਘ ਨੇ ਲਿਖਿਆ ਹੈ ਕਿ *ਸ੍ਰੀ ਆਦਿ ਗ੍ਰੰਥ ਜੀ* ਦਾ ਉਤਾਰਾ ਉਹਨਾਂ ਨੇ ਲਾਹੌਰ ਪਹੁੰਚ ਕੇ ਦਰਿਆ ਰਾਵੀ ਦੇ ਕੰਢੇ ਸ਼ੁਰੂ ਕਰਵਾਇਆ ਸੀ।[13] ਇਸ ਤਰ੍ਹਾਂ ਧੀਰੇ-ਧੀਰੇ ਖਾਰੇ ਨਗਰ ਪਹੁੰਚਣ ਤੇ ਫਿਰ ਉੱਥੋਂ ਵਾਪਸ ਲਾਹੌਰ ਮੁੜਨ ਤੱਕ *ਸ੍ਰੀ ਆਦਿ ਗ੍ਰੰਥ ਜੀ* ਦੀ ਦੂਜੀ ਬੀੜ ਤਿਆਰ ਹੋ ਗਈ। ਭਾਈ ਬੰਨੋ ਨੇ ਪਹਿਲੀ ਬੀੜ ਨਾਲੋਂ ਇਸ ਦੂਜੀ ਬੀੜ ਵਿਚ, ਜੋ ਨਗਰ ਖਾਰਾ ਮਾਂਗਟ ਦੇ ਨਾਂ ਤੇ ਖਾਰੇ ਵਾਲੀ ਜਾਂ ਖਾਰੀ ਬੀੜ ਦੇ ਨਾਂ ਨਾਲ ਮਸ਼ਹੂਰ ਹੈ, ਭੋਗ ਦੀ ਬਾਣੀ ਤੋਂ ਬਾਅਦ ਇਹ ਵਾਧੂ ਬਾਣੀਆਂ ਦਰਜ ਕਰ ਦਿੱਤੀਆਂ :

1. ਸਲੋਕ-ਜਿਤ ਦਰਿ ਲਖ ਮੁਹੰਮਦਾ..... ।
2. ਸਲੋਕ-ਬਾਇ ਆਤਿਸ਼ ਆਬ..... ।
3. ਰਾਗ ਰਾਮ ਕਲੀ ਰਤਨ ਮਾਲਾ ਮਹਲਾ । ।
4. ਹਕੀਕਤ ਰਾਹ ਮੁਕਾਮ ਰਾਜੇ ਸ਼ਿਵਨਾਭ ਕੀ।
5. ਰਾਗ ਮਾਲਾ
6. ਸਿੰਆਹੀ ਕੀ ਬਿਧਿ ਆਦਿ।

ਤੇ 113 ਅਧਿਆਵਾਂ ਦੀ ਪ੍ਰਾਣ ਸੰਗਲੀ ਮਹਲਾ ੧, ਜੋ ਭਾਈ ਪੈੜਾ ਮੋਖਾ ਸੁਲਤਾਨਪੁਰੀਆ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੁਕਮ ਨਾਲ ਉਹਨੀ ਦਿਨੀਂ ਸੰਗਲਾਦੀਪ ਤੋਂ ਰਾਜੇ ਸ਼ਿਵਨਾਭ ਦੇ ਖਾਨਦਾਨ ਪਾਸੋਂ ਬੜੇ ਜਤਨਾਂ ਨਾਲ ਲੈ ਕੇ ਆਇਆ ਸੀ, ਯੋਗ ਦਰਸ਼ਨ ਨਾਲ ਸੰਬੰਧਿਤ ਹੋਣ ਕਰਕੇ ਗੁਰੂ ਸਾਹਿਬ ਦੇ ਹੁਕਮ ਨਾਲ ਅੰਮ੍ਰਿਤ ਸਰੋਵਰ ਵਿਚ ਡੁਬਾਈ ਜਾਣ ਦੇ ਕਾਰਨ ਭਾਈ ਹੋਰਾਂ ਨੂੰ ਮਿਲ ਨਾ ਸਕੀ ਜਿਸ ਕਰਕੇ ਕੁਝ ਲੋਕਾਂ ਦਾ ਖ਼ਿਆਲ ਹੈ ਕਿ ਇਹ ਇਸ ਬੀੜ ਵਿਚ ਚੜ੍ਹਨੋਂ ਰਹਿ ਗਈ। ਪਰ ਇਹ ਏਵੇਂ ਇਕ ਵਾਧੂ ਜੇਹਾ ਭਰਮ ਖੜ੍ਹਾ ਕਰਨ ਵਾਲੀ ਗੱਲ ਹੈ। ਕਿਉਂਕਿ ਬੀੜ ਵਿਚ ਇਹ ਤਦ ਹੀ ਚੜ੍ਹ ਸਕਦੀ ਸੀ ਜੇ ਇਹ ਅਕਾਲੀ ਬਾਣੀ ਹੁੰਦੀ। ਅਸਲ ਵਿਚ ਸ੍ਰੀ ਗੁਰੂ ਅਰਜ਼ਨ ਦੇਵ ਜੀ ਨੇ ਇਸ ਨੂੰ ਇਸੇ ਕਰਕੇ ਸਰੋਵਰ ਵਿਚ ਡੋਬਿਆ ਸੀ ਕਿ ਇਹ ਯੋਗ ਦਰਸ਼ਨ ਦੇ ਖ਼ਿਆਲਾਂ ਨਾਲ ਭਰਪੂਰ ਹੋਣ ਕਰਕੇ ਇਸ ਯੋਗ ਨਹੀਂ ਸੀ ਕਿ ਅਕਾਲੀ ਬਾਣੀ ਦਾ ਦਰਜਾ ਲੈ ਸਕੇ। *ਭਾਈ ਬੰਨੋ ਪ੍ਰਕਾਸ਼* ਦੇ ਕਥਨ ਅਨੁਸਾਰ ਹੋਰ ਵਾਧੂ ਬਾਣੀ ਭਾਈ ਬੰਨੋ ਜੀ ਨੇ ਆਪਣੇ ਆਪ ਨਹੀਂ, ਸਗੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੁਕਮ ਨਾਲ ਇਸ ਦੂਜੀ (ਖਾਰੇ ਵਾਲੀ) ਬੀੜ ਵਿਚ ਦਰਜ ਕੀਤੀ ਸੀ, ਜਿਵੇਂ ਕਿ ਲਿਖਿਆ ਹੈ :

ਜਹ ਦਰ ਲੱਖ ਮੁਹੰਮਦਾ ਹੈ ਫੁਨਿ, ਵੀਰ ਸਲਾਮਾ ਲੇਕ ਜੁ ਬਾਣੀ।
ਰਤਨ ਮਾਲ ਸੁ ਅੱਖਰ ਤੋਰਕਿ, ਮੈਂ ਲਿਖ ਕੈ ਫੁਨਿ ਗੁਰਮੁਖ ਅੱਖਰ ਆਣੀ।
ਰਤਨ ਮੁਕਾਮ ਹਕੀਕਤ ਜੋ ਲਿਖ ਲੇਹੁ ਕਹਾ ਗੁਰੂ ਜੋ ਫੁਰਮਾਣੀ।
ਇਕ ਰਾਮਕਲੀ ਮੱਧ ਛੰਦ ਕਹਾ, ਸੂਰਦਾਸ ਕੁ ਸਬਦ ਸੁ ਸਾਰੰਗ ਜਾਣੀ ॥63॥

ਦੋਹਰਾ *ਭਾਈ ਬੰਨੋ ਪ੍ਰਤਿ ਕਹਾ, ਸਤਿਗੁਰੁ ਅਰਜਨ ਦੇਵ।*
ਲਿਖ ਲੇਵਹੁ ਤੁਮ ਬੀੜ ਮੈਂ, ਹੁਕਮ ਹਮਾਰੋ ਏਵ ॥64॥

(ਭਾਈ ਬੰਨੋ ਪ੍ਰਕਾਸ਼, ਅਧਿਆਇ 14)

ਪਰ ਇਸ ਕਥਨ ਦੀ ਪੁਸ਼ਟੀ ਹੋਰ ਕਿਸੇ ਇਤਿਹਾਸਿਕ ਲਿਖਤ ਤੋਂ ਨਹੀਂ ਹੁੰਦੀ, ਜਿਸ ਕਰਕੇ ਇਸ ਦੀ ਏਨੀ ਅਹਿਮੀਅਤ ਨਹੀਂ ਹੈ।

ਨਗਰ ਖਾਰੇ ਪਹੁੰਚਣ ਤੇ ਬਾਣੀ ਬੰਨੋ ਤੇ ਉਸ ਦੇ ਨਾਲ ਸਹਿਯੋਗ ਰਖਣ ਵਾਲੀਆਂ ਦੂਰ ਨੇੜੇ ਦੀਆਂ ਸਿੱਖ ਸੰਗਤਾਂ ਨੇ ਜਿਤਨਾ ਬਹੁਤਾ ਸਤਿਕਾਰ *ਸ੍ਰੀ ਆਦਿ ਗ੍ਰੰਥ ਜੀ* ਦਾ ਕੀਤਾ, ਇਸ ਬਾਰੇ ਇਤਨੇ ਵਿਸਤਾਰ ਵਿਚ ਜਾਣ ਦੀ ਲੋੜ ਨਹੀਂ ਹੈ। ਭਾਈ ਬੰਨੋ ਜੀ ਨੇ ਫਿਰ ਨਗਰ ਖਾਰਾ ਤੋਂ ਛੇਤੀ ਹੀ ਲਾਹੌਰ ਪਹੁੰਚਣ ਸਾਰ ਇਕ ਚੰਗਾ ਜਿਲਦਸਾਜ਼ ਲੱਭਿਆ ਜਿਸ ਤੋਂ ਇਹਨਾਂ ਦੋਹਾਂ ਪਵਿੱਤਰ ਬੀੜਾਂ ਦੀਆਂ ਪੱਕੀਆਂ ਜਿਲਦਾਂ ਕਰਵਾ ਲਈਆਂ ਗਈਆਂ ਤੇ ਇਹ ਕੰਮ ਸਮਾਪਤ ਹੋਣ ਤੇ ਆਪ ਸੰਗਤਿ ਸਮੇਤ ਬੜੀ ਛੇਤੀ ਅੰਮ੍ਰਿਤਸਰ ਪਹੁੰਚ ਗਏ।

ਸ੍ਰੀ ਗੁਰੂ ਅਰਜਨ ਦੇਵ ਜੀ, ਜਿਵੇਂ ਕਿ ਸਿੱਖ ਇਤਿਹਾਸ ਤੋਂ ਪਤਾ ਲਗਦਾ ਹੈ, *ਸ੍ਰੀ ਆਦਿ ਗ੍ਰੰਥ ਜੀ* ਦੀ ਬੀੜ ਦੇਖ ਕੇ ਬੜੇ ਪ੍ਰਸੰਨ ਹੋਏ, ਪਰ ਨਾਲ ਹੀ ਕਿਹਾ, "ਭਾਈ ਬੰਨੋ, ਅਸੀਂ ਅਦਬ ਦੇ ਲਿਹਾਜ਼ ਨਾਲ ਇਕੋ ਬੀੜ ਕਾਇਮ ਰਖਣਾ ਚਾਹੁੰਦੇ ਸੀ, ਪਰ ਹੁਣ ਤੁਸੀਂ ਚੂੰਕਿ ਪਹਿਲ ਕਰਕੇ ਪ੍ਰੇਮ ਨਾਲ ਇਸ ਦਾ ਦੂਜਾ ਉਤਾਰਾ ਅਨੇਕ ਲਿਖਾਰੀਆਂ ਦੇ ਹੱਥੋਂ ਕਰਵਾ ਲਿਆ ਹੈ, ਇਸ ਲਈ ਹੁਣ ਇਹ ਬੀੜ ਇਕ ਨਹੀਂ ਰਹੇਗੀ ਸਗੋਂ ਇਸ ਦੀਆਂ ਅਨੇਕ ਪ੍ਰਤੀਆਂ ਤਿਆਰ ਹੋ ਕੇ ਇਹ ਬੀੜ ਘਰੋਂ ਘਰੀਂ ਸਾਰੇ ਸਿੱਖਾਂ ਪਾਸ ਪਹੁੰਚੇਗੀ। ਗੁਰੂ ਜੀ ਦਾ ਇਹ ਕਥਨ ਅੱਖਰ-ਅੱਖਰ ਸਹੀ ਸਾਬਤ ਹੋਇਆ, ਜਿਸ ਕਰਕੇ ਬੜੀ ਛੇਤੀ ਹੀ 17ਵੀਂ ਤੇ 18ਵੀਂ ਸਦੀ ਵਿਚ ਇਸ ਬੀੜ ਦੇ ਅਨੇਕਾਂ ਉਤਾਰੇ ਹੋਏ ਤੇ ਇਹ ਬੀੜ ਸਿੱਖਾਂ ਪਾਸ ਇਕ ਤੋਂ ਅਨੇਕ ਰੂਪ ਵਿਚ ਹੋ ਕੇ ਹਰ ਥਾਵੇਂ ਪਹੁੰਚ ਗਈ।

ਇਸ ਤੋਂ ਬਾਅਦ ਭਾਈ ਗੁਰਦਾਸ ਵਾਲੀ ਆਦਿ ਬੀੜ, ਜੋ ਗੁਰੂ ਸਾਹਿਬ ਨੇ ਤਿਆਰ ਕਰਵਾਈ ਸੀ, ਬੜੇ ਸਮਾਰੋਹ ਪੂਰਵਕ ਸ੍ਰੀ ਦਰਬਾਰ ਹਰਿਮੰਦਿਰ (ਅੰਮ੍ਰਿਤਸਰ) ਵਿਚ ਸਥਾਪਿਤ ਕਰ ਦਿੱਤੀ ਗਈ ਤੇ ਬਾਬਾ ਬੁੱਢਾ ਜੀ ਉਹਦੀ ਤਾਬਿਆ ਗ੍ਰੰਥੀ ਥਾਪੇ ਗਏ ਅਤੇ ਦੂਜੀ (ਖਾਰੇ ਵਾਲੀ) ਬੀੜ, ਭਾਈ ਬੰਨੋ ਜੀ ਨੂੰ ਬਖਸ਼ ਦਿੱਤੀ ਤੇ ਉਸ ਪਰ ਗੁਰੂ ਜੀ ਨੇ ਆਪਣੇ ਹਸਤਾਖਰ ਕਰ ਦਿੱਤੇ। ਭਾਈ ਸਾਹਿਬ ਉਹ ਬੀੜ ਲੈ ਕੇ ਆਪਣੇ ਨਗਰ ਖਾਰੇ ਮਾਂਗਟ ਚਲੇ ਗਏ, ਜਿੱਥੇ ਉਹ ਬੀੜ ਪਹਿਲਾਂ ਉਹਨਾਂ ਦੇ ਪਾਸ ਤੇ ਫਿਰ ਉਹਨਾਂ ਦੇ ਖ਼ਾਨਦਾਨ ਪਾਸ ਰਹੀ। ਸੰਨ 1947 ਵਿਚ ਦੇਸ ਦੀ ਅਜ਼ਾਦੀ ਸਮੇਂ ਪੰਜਾਬ ਦਾ ਵੰਡਵਾਰਾ ਹੋਣ ਤੇ ਭਾਈ ਬੰਨੋ ਜੀ ਦੇ ਖ਼ਾਨਦਾਨ ਨੇ ਉਸ ਬੀੜ ਸਮੇਤ ਪੱਛਮੀ ਪੰਜਾਬ ਦਾ ਵਸੇਬਾ ਛੱਡਿਆ ਤੇ ਉਹ ਦਿੱਲੀ ਅਤੇ ਮੇਰਠ ਦੇ ਦਰਮਿਆਨ ਨਗਰ ਬੜੌਤ (ਉੱਤਰ ਪ੍ਰਦੇਸ) ਵਿਚ ਚਲੇ ਗਏ। ਉੱਥੇ ਉਹ ਬੀੜ, ਜੋ ਬੜੀ ਬ੍ਰਿਧ ਅਵਸਥਾ ਵਿਚ ਹੈ, ਹੁਣ ਤੱਕ ਉਹਨਾਂ ਪਾਸ ਮੌਜੂਦ ਹੈ।

9. ਭਾਈ ਬੰਨੋ ਜੀ ਦਾ ਛੇਕੜਲਾ ਸਮਾਂ

ਬਾਣੀ ਦੇ ਬੋਹਿਥਾ ਸ੍ਰੀ ਗੁਰੂ ਅਰਜਨ ਦੇਵ ਜੀ ਜੇਠ ਸੁਦੀ 4 ਸੰਮਤ 1663 ਬਿ. ਨੂੰ ਮੁਗ਼ਲ ਬਾਦਸ਼ਾਹ ਜਹਾਂਗੀਰ ਦੇ ਹੁਕਮ ਨਾਲ ਬਿਨਾਂ ਕਿਸੇ ਗੁਨਾਹ ਤੋਂ ਤਸੀਹੇ ਦੇ ਕੇ ਸ਼ਹੀਦ ਕੀਤੇ ਗਏ। ਉਹਨਾਂ ਤੋਂ ਬਾਅਦ ਉਹਨਾਂ ਦੀ ਥਾਵੇਂ ਸ੍ਰੀ ਗੁਰੂ ਹਰਿ ਗੋਬਿੰਦ ਜੀ, ਜੋ ਉਸ ਸਮੇਂ ਮਸਾਂ 11 ਕੁ ਸਾਲ ਦੀ ਉਮਰ ਦੇ ਬਾਲਕ ਸਨ, ਗੱਦੀ ਨਸ਼ੀਨ ਹੋਏ। ਗੁਰੂ ਹਰਿ ਗੋਬਿੰਦ ਜੀ ਚੂੰਕਿ ਸ਼ੁਰੂ ਤੋਂ ਹੀ ਸਰੀਰ ਦੇ ਬੜੇ ਚੁਸਤ, ਅਕਲ ਦੇ ਧਨੀ, ਦਿਲ ਦੇ ਦਲੇਰ, ਰਾਜਨੀਤਿਕ ਕੰਮਾਂ ਵਿਚ ਹੱਦ ਦਰਜੇ ਦੇ ਮਾਹਰ ਦਿਲ ਵਿਚ ਦੇਸ ਦੀ ਅਜ਼ਾਦੀ ਦੀ ਚਿਣਗ ਰਖਣ ਵਾਲੇ ਇਕ ਮਹਾਨ ਵਿਅਕਤੀ ਸਨ। ਉਹਨਾਂ ਨੇ ਗੁਰ-ਗੱਦੀ ਉਪਰ ਬੈਠਦਿਆਂ ਹੀ ਗੁਰਿਆਈ ਦੀਆਂ ਪੁਰਾਣੀਆਂ ਨਿਸ਼ਾਨੀਆਂ ਸੇਲ੍ਹੀ ਟੋਪ੍ਹੀ ਤੇ ਮਾਲਾ ਤਾਂ ਤੋਸ਼ੇਖਾਨੇ ਰਖਵਾ ਦਿੱਤੀਆਂ ਤੇ ਉਹਨਾਂ ਦੀ ਥਾਵੇਂ ਦੋ ਤਲਵਾਰਾਂ ਗਾਤਰੇ ਪਹਿਨੀਆਂ :

ਦੋ ਤਲਵਾਰੀਂ ਬੱਧੀਆਂ, ਇਕ ਮੀਰੀ ਤੇ ਇਕ ਪੀਰ ਦੀ।
ਇਕ ਅਜਮਤ ਦੀ ਇਕ ਰਾਜ ਦੀ, ਇਕ ਰਾਖੀ ਕਰੇ ਵਜੀਰ ਦੀ।

(ਨੱਥੇ ਢਾਡੀ ਦੀ ਵਾਰ)

ਤੇ ਰਾਜਸੀ ਸਰਗਰਮੀਆਂ ਲਈ ਦਰਬਾਰ ਸਾਹਿਬ ਦੇ ਸਾਮ੍ਹਣੇ ਅਕਾਲ ਤਖ਼ਤ ਰਚਿਆ । ਸਿੱਖਾਂ ਨੂੰ ਘੋੜੇ ਦੀ ਸਵਾਰੀ ਹਰ ਤਰ੍ਹਾਂ ਦੇ ਹਥਿਆਰ ਚਲਾਉਣ ਦੀ ਅਮੁੱਲੀ ਸਿੱਖਿਆ ਦਿੱਤੀ ਤੇ ਅਨੇਕ ਰਾਜਸੀ ਗੱਲਾਂ ਦੱਸੀਆਂ ਜੋ ਕਿਸੇ ਵੀ ਕੌਮ ਨੂੰ ਜਾਗ੍ਰਿਤ ਅਵਸਥਾ ਵਿਚ ਲਿਆਉਣ ਲਈ ਬੜੀਆਂ ਜ਼ਰੂਰੀ ਹੁੰਦੀਆਂ ਹਨ । ਇਸ ਤਰ੍ਹਾਂ ਉਹਨਾਂ ਨੇ ਸਿੱਖਾਂ ਨੂੰ ਧੀਰੇ-ਧੀਰੇ ਫ਼ੌਜੀ ਸੰਚੇ ਵਿਚ ਢਾਲਿਆ । ਇਸ ਤੋਂ ਬਿਨਾਂ ਹਰ ਤਰ੍ਹਾਂ ਦੇ ਹਥਿਆਰ ਇਕੱਠੇ ਕਰਨ ਲਈ ਥਾਂ ਪਰ ਥਾਂ ਹੁਕਮਨਾਮੇ ਭੇਜੇ ਗਏ ਤੇ ਜੋਧਿਆਂ ਦਾ ਜੋਸ਼ ਵਧਾਉਣ ਲਈ ਗੁਰੂ ਜੀ ਨੇ ਆਪਣੇ ਦਰਬਾਰ ਵਿਚ ਦੋ ਢਾਡੀ-ਮੀਰ ਅਬਦੁੱਲਾ ਤੇ ਨੱਥਾ ਮੱਲ ਰਖੇ, ਜੋ ਪਿੰਡ ਸੁਰ ਸਿੰਘ ਜ਼ਿਲ੍ਹਾ ਅੰਮ੍ਰਿਤਸਰ ਦੇ ਵਸਨੀਕ ਸਨ । ਉਹ ਨਿੱਤ ਭਰੇ ਦਰਬਾਰ ਸ੍ਰੀ ਅਕਾਲ ਤਖ਼ਤ ਦੇ ਸਾਮ੍ਹਣੇ ਸਿੱਖ ਜੋਧਿਆਂ ਨੂੰ ਪੂਰਵਲੇ ਜੋਧਿਆਂ ਦੀਆਂ ਬੀਰ ਰਸੀ ਵਾਰਾਂ ਸੁਣਾ ਕੇ ਧਰਮ-ਜੁੱਧ ਲਈ ਬੜਾ ਉਤਸ਼ਾਹ ਦਿਆ ਕਰਦੇ ਸਨ । ਭਾਈ ਬੰਨੋ ਜੀ ਤੇ ਉਸ ਦੇ ਪੁੱਤਰਾਂ ਨੇ ਗੁਰੂ ਜੀ ਦੇ ਇਸ ਫ਼ੌਜੀ ਕਾਰਜ ਵਿਚ ਬੜੀ ਦਿਲਚਸਪੀ ਨਾਲ ਹਿੱਸਾ ਪਾਇਆ ਤੇ ਇਸ ਕੰਮ ਨੂੰ ਉਹਨਾਂ ਨੇ ਦੇਸ-ਕੌਮ ਦੀ ਸੇਵਾ ਸਮਝਿਆ । ਭਾਈ ਹੋਰਾਂ ਦਾ ਇਕ ਜੋਧਾ ਪੁੱਤਰ ਭਾਈ ਲੱਖੂ, ਇਸੇ ਕਾਰਨ ਹਮੇਸ਼ਾ ਲਈ ਗੁਰੂ ਸਾਹਿਬ ਦਾ ਹਮਰਕਾਬ ਹੋ ਕੇ ਰਿਹਾ ਜੋ ਸੰਮਤ 1691 ਬਿ. ਦੀ ਕਰਤਾਰਪੁਰ ਦੀ ਲੜਾਈ ਵਿਚ ਬੜੀ ਬਹਾਦਰੀ ਤੇ ਕਰਤੱਬ ਦਿਖਾ ਕੇ ਫ਼ੌਜਦਾਰ ਕੁਤਬ ਖਾਨ ਨੂੰ ਮਾਰ ਕੇ ਸ਼ਹੀਦ ਹੋਇਆ ਜਿੱਥੇ ਕਿ ਉਸ ਦੀ ਸਮਾਧ ਬਣੀ ਹੋਈ ਹੈ ।

ਭਾਈ ਬੰਨੋ ਜੀ ਇਸ ਤੋਂ ਪਿੱਛੋਂ ਲਗਪਗ ਦਸ ਕੁ ਵਰ੍ਹੇ ਹੀ ਜੀਵੇ ਤੇ ਫਿਰ ਸੰਮਤ 1701 ਬਿ. ਦੇ ਮਹੀਨਾ ਮਾਘ ਵਿਚ[44] ਕਰਤਾਰ ਸਿਰਜਨਹਾਰ ਵੱਲੋਂ ਸਦੀਵੀ ਸੱਦਾ ਆਉਣ ਤੇ ਨਗਰ ਖਾਰਾ ਮਾਂਗਟ ਵਿਚ ਹੀ ਉਹਨਾਂ ਦਾ ਦਿਹਾਂਤ ਹੋ ਗਿਆ, ਜਿੱਥੇ ਕਿ ਉਹਨਾਂ ਦੀ ਸਮਾਧ ਬਣਾਈ ਗਈ, ਜੋ ਹੁਣ ਤੱਕ ਮੌਜੂਦ ਹੈ ।

10. ਭਾਈ ਬੰਨੋ ਦੀ ਸੰਤਾਨ

ਭਾਈ ਬੰਨੋ ਜੀ ਦੇ ਅੱਠ ਪੁੱਤਰ ਸਨ : (1) ਮਲ, (2) ਟੱਲ, (3) ਤਾਰਾ ਚੰਦ, (4) ਦੁਆਰਾ ਜਾਂ ਦਵਾਰਕਾ, (5) ਲੱਖੂ, (6) ਬੱਖੂ (ਬਖ਼ਤ ਮਲ), (7) ਉਤਮ ਅਤੇ (8) ਬੁੱਧੂ । ਇਹਨਾਂ ਅੱਠਾਂ ਪੁੱਤਰਾਂ ਨੂੰ, ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, ਭਾਈ ਬੰਨੋ ਜੀ ਨੇ ਆਪਣੇ ਜੀਵਨ ਵਿਚ ਹੀ ਹਰ ਪ੍ਰਕਾਰ ਦੀ ਗੁਜ਼ਾਰੇ ਜੋਗੀ ਸੰਸਾਰਿਕ ਤੇ ਪਰਮਾਰਥਿਕ ਸਿੱਖਿਆ ਦੇ ਕੇ ਸਰਬ ਗੁਣ ਨਿਪੁੰਨ ਕਰ ਦਿੱਤਾ ਸੀ ਤਾਂ ਕਿ ਭਵਿੱਖ ਵਿਚ ਕੋਈ ਵੀ ਮੁਸ਼ਕਲ, ਆਪਣੀ ਜ਼ਿੰਦਗੀ ਗੁਜ਼ਾਰਨ ਸਮੇਂ ਉਹਨਾਂ ਦੇ ਪੇਸ਼ ਨਾ ਆਵੇ । ਗੁਰੂ ਸਿੱਖੀ ਦਾ ਪ੍ਰਚਾਰ, ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, ਭਾਈ ਬੰਨੋ ਜੀ ਦੇ ਜੀਵਨ ਦਾ ਅੰਗ ਬਣ ਕੇ ਉਹਨਾਂ ਦੇ ਸਾਰੇ ਪਰਿਵਾਰ ਵਿਚ ਘਰ ਕਰ ਚੁੱਕਾ ਸੀ ਤੇ ਭਾਈ ਬੰਨੋ ਦੀ ਸੁਪਤਨੀ ਮਾਈ ਸੁਰੰਗੀ ਉਰਫ ਰੱਜੀ ਬੜੇ ਸਤੋ ਗੁਣੀ ਸੁਭਾਉ ਤੇ ਭਗਤੀ ਭਾਵ ਦੀ ਪੂਰੀ ਹੋਣ ਕਰਕੇ ਉਸ ਸਮੇਂ ਦੀਆਂ ਸਿੱਖ ਇਸਤਰੀਆਂ ਵਿਚੋਂ ਬੜੀ ਮਸ਼ਹੂਰ ਤੇ ਇਕ ਆਦਰਸ਼ ਦੇਵੀ ਸੀ । ਨਿੱਤ ਸਤਿਨਾਮ ਵਾਹਿਗੁਰੂ ਦਾ ਉਚਾਰਨ ਉਸ ਦੇ ਮੂੰਹ ਪਰ ਵਸਦਾ ਸੀ । ਕਹਿੰਦੇ ਹਨ ਕਿ ਭਾਈ ਬੰਨੋ ਜੀ ਅਜਿਹੇ ਨਾਮ ਦੇ ਰਸੀਏ, ਗੁਰਬਾਣੀ ਦੇ ਪ੍ਰੇਮੀ, ਨਿਤਨੇਮੀ ਤੇ ਦਾਨੀ ਸੁਭਾਉ ਦੇ ਸਮਦਰਸੀ ਤੇ ਸਤ ਸੰਤੋਖ ਵਾਲੇ ਵਿਅਕਤੀ ਸਨ ਕਿ ਉਹ ਆਪਣੇ ਦਰ ਉਤੇ ਆਏ ਕਿਸੇ ਵੀ ਵਿਅਕਤੀ ਨੂੰ, ਚਾਹੇ ਉਹ ਭਲਾ ਹੋਵੇ ਜਾਂ ਬੁਰਾ, ਕਦੇ ਖਾਲੀ ਨਹੀਂ ਮੋੜਦੇ ਸਨ । ਹਮੇਸ਼ਾਂ ਆਏ ਅਭਿਆਗਤ ਦੀ ਸੇਵਾ ਕਰਨਾ ਹੀ ਉਹਨਾਂ ਦਾ ਮੁੱਖ ਕਰਤੱਵ ਸੀ । ਇਸੇ ਕਾਰਨ ਕਹਾਉਤ ਹੈ ਕਿ ਇਕ ਦਿਨ ਇਕ ਭੂਤ ਉਹਨਾਂ ਦੇ ਦਰ ਉਤੇ ਆਇਆ ਤੇ ਕਹਿਣ ਲੱਗਾ, "ਭਾਈ ਸਾਹਿਬ ਜੀ, ਮਹਾਰਾਜ, ਮੈਂ ਕਈ ਦਿਨਾਂ ਤੋਂ ਭੁੱਖਾ ਹਾਂ ਤੇ ਖਾਣ-ਪੀਣ ਨੂੰ ਕੁਝ ਨਹੀਂ ਮਿਲਿਆ, ਪਰ ਜਦ ਤੁਹਾਡੇ ਘਰ ਆਸ ਕਰਕੇ ਆਉਂਦਾ ਹਾਂ ਤਾਂ ਏਥੇ ਸਤਿਨਾਮ ਵਾਹਿਗੁਰੂ ਦਾ ਉਚਾਰਨ ਸੁਣ ਕੇ ਮੇਰੇ ਪੈਰ ਨਹੀਂ ਲਗਦੇ ਜਿਸ ਕਰਕੇ ਮੈਂ ਰੋਜ਼ ਭੁੱਖਣ-ਭਾਣਾ ਹੀ ਵਾਪਸ ਪਰਤ ਜਾਂਦਾ ਹੈ । ਕ੍ਰਿਪਾ ਕਰ ਕੇ ਹੁਣ ਤੁਸੀਂ ਮੇਰਾ ਇਹ ਦੁਖ ਨਵਿਰਤ ਕਰੋ ਤੇ ਕਿਸੇ ਹੀਲੇ ਰੌਲਾ ਪਾ ਕੇ ਅਜਿਹਾ ਜਤਨ ਕਰੋ ਕਿ ਇਹ ਸਤਿਨਾਮ ਵਾਹਿਗੁਰੂ ਦਾ ਪਾਠ ਮੇਰੇ ਕੰਨਾਂ ਵਿਚ ਨਾ ਪਵੇ ਤੇ ਮੈਂ ਤੁਹਾਡੇ ਲੰਗਰ ਵਿਚ ਵੜਾਂ ਤੇ ਰੱਜ ਪੁਜ ਕੇ ਵਾਪਸ ਪਰਤ ਜਾਵਾਂ ।" ਭਾਈ ਸਾਹਿਬ ਨੇ, ਜਿਵੇਂ ਕਿ ਭਾਈ ਬੰਨੋ ਪ੍ਰਕਾਸ਼ ਵਿਚ ਕਵੀ ਜਵਾਹਰ ਸਿੰਘ ਨੇ ਲਿਖਿਆ ਹੈ, ਉਸ ਭੂਤ ਦੀ ਇਹ ਬੇਨਤੀ ਮੰਨ ਲਈ ਤੇ ਘਰ ਵਿਚ ਲੰਗਰ ਵਰਤਦੇ ਸਮੇਂ ਅਜਿਹਾ ਰੌਲਾ ਪਾਇਆ ਤਾਂ ਕਿ ਸਤਿਨਾਮ ਵਾਹਿਗੁਰੂ ਦੀ ਅਵਾਜ਼ ਕੰਨਾਂ ਵਿਚ ਨਾ ਪੈਣ ਕਰਕੇ ਉਸ

ਭੂਤ ਦਾ ਕੰਮ ਅਸਾਨੀ ਨਾਲ ਬਣ ਜਾਵੇ। ਪਰ ਅਚਾਨਕ ਇਸ ਹਾਲਤ ਵਿਚ ਹੀ ਸਤ ਸੰਤੋਖ ਤੇ ਧਰਮ ਦੀ ਮੂਰਤੀ ਮਾਈ ਸੁਰੰਗੀ ਉਰਫ਼ ਰੱਜੀ ਨੇ ਬੜੇ ਸ਼ਾਂਤ ਸੁਭਾਉ ਵਿਚ ਲਗਾਤਾਰ ਬੜੀ ਉੱਚੀ ਅਵਾਜ਼ ਨਾਲ ਸਤਿਨਾਮ ਵਾਹਿਗੁਰੂ ਦਾ ਜਾਪ ਜਾਰੀ ਕਰ ਦਿੱਤਾ ਤੇ ਆਪਣੇ ਪਤੀ ਭਾਈ ਬੰਨੋ ਜੀ ਨੂੰ ਵੀ ਬੜੀ ਨਿਮਰਤਾ ਨਾਲ ਬੇਨਤੀ ਕਰਕੇ ਰੋਕੀ ਰਖਿਆ ਕਿ ਉਹ ਸੰਗਤਿ-ਪੰਗਤਿ ਵਿਚ ਅਜਿਹਾ ਰੌਲਾ ਨਾ ਪੈਣ ਦੇਣ। ਇਸ ਕਾਰਨ ਜਦ ਭੂਤ ਦਾ ਕੋਈ ਦਾਉ ਨਾ ਲੱਗਾ ਤਾਂ ਭਾਈ ਬੰਨੋ ਦੇ ਮਜ਼ਬੂਰੀ ਜ਼ਾਹਰ ਕਰਨ ਤੇ ਉਹ ਭੂਤ ਉੱਥੋਂ ਭੁੱਖਾ ਹੀ ਵਿਦਾ ਹੋ ਗਿਆ।

ਭਾਈ ਬੰਨੋ ਤੇ ਮਾਈ ਸੁਰੰਗੀ ਅਥਵਾ ਰੱਜੀ ਦੇ ਇਸ ਸੱਤੋਗੁਣੀ ਤੇ ਧਾਰਮਿਕ ਜੀਵਨ ਦਾ ਪ੍ਰਭਾਵ ਲਾਜ਼ਮੀ ਤੌਰ ਤੇ ਉਹਨਾਂ ਦੀ ਸੰਤਾਨ ਉਤੇ ਪਿਆ, ਜਿਸ ਦੀਆਂ ਕਈ ਮਿਸਾਲਾਂ *ਭਾਈ ਬੰਨੋ ਪ੍ਰਕਾਸ਼* ਨਾਮੀ ਪੁਸਤਕ ਵਿਚੋਂ ਮਿਲਦੀਆਂ ਹਨ।

ਭਾਈ ਬੰਨੋ ਜੀ ਦੇ ਇਹਨਾਂ ਅੱਠਾਂ ਪੁੱਤਰਾਂ ਵਿਚੋਂ ਭਾਈ ਲੱਖੂ ਜਾਂ ਲਖਪਤਿ, ਜੋ ਵਡਾ ਜੋਧਾ ਹੋਇਆ, ਦੀ ਸੰਤਾਨ ਕਿਸੇ ਕਾਰਨ ਪੰਜਾਬ ਦਾ ਵਸੇਬਾ ਛੱਡ ਕੇ ਸਿੰਧ ਦੇ ਇਲਾਕੇ ਵਿਚ ਸ਼ਿਕਾਰਪੁਰ ਜਾ ਅਬਾਦ ਹੋਈ।

ਭਾਈ ਬੱਖੂ ਜਾਂ ਬਖਤ ਮੱਲ ਦਾ ਪੁੱਤਰ ਭਾਈ ਸੰਗਤ ਸਿੰਘ ਹੋਇਆ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹਜ਼ੂਰੀ ਸੇਵਕ ਸੀ। ਅੱਗੇ ਭਾਈ ਸੰਗਤ ਸਿੰਘ ਦਾ ਪੁੱਤਰ ਭਾਈ ਸਾਧੂ ਸਿੰਘ ਆਪਣੇ ਪਿਤਾ ਦਾ ਅਜਿਹਾ ਆਗਿਆਕਾਰ ਬਣਿਆ ਕਿ ਇਕ ਵੇਰ ਸ੍ਰੀ ਦਸ਼ਮੇਸ਼ ਜੀ ਨੇ ਸਾਰੇ ਬੱਚਿਆਂ ਦੀ ਪਰਖ ਲਈ ਬੜੀ ਦੂਰਅੰਦੇਸ਼ੀ ਨਾਲ ਇਨਾਮ ਰਖਿਆ ਕਿ ਜੋ ਬੱਚਾ ਆਪਣੇ ਪਿਤਾ ਨੂੰ ਗਾਲ੍ਹਾਂ ਕੱਢੇ, ਉਸ ਨੂੰ ਇਕ ਰੁਪਈਆ ਤੇ ਵੱਧ ਗਾਲਾਂ ਕੱਢਣ ਵਾਲੇ ਨੂੰ ਦੋ ਰੁਪਈਏ ਇਨਾਮ ਦਿੱਤਾ ਜਾਵੇ। ਸ੍ਰੀ ਅਨੰਦਪੁਰ ਵਿਚ ਚੂੰਕਿ ਸਾਰੇ ਹੀ ਮਸੰਦਾਂ ਦੇ ਬੱਚੇ ਮੌਜੂਦ ਸਨ। ਰੁਪਈਆਂ ਦੇ ਲਾਲਚ ਪਿੱਛੇ ਉਹਨਾਂ ਸਾਰੇ ਹੀ ਬੱਚਿਆਂ ਨੇ ਆਪਣੇ ਪਿਉਆਂ ਨੂੰ ਗਾਲ੍ਹਾਂ ਕੱਢ ਦਿੱਤੀਆਂ, ਜਿਸ ਕਰਕੇ ਇਨਾਮ ਹਾਸਲ ਕਰ ਲਏ, ਪਰ ਭਾਈ ਸਾਧੂ ਸਿੰਘ ਨੇ ਵੱਧ ਤੋਂ ਵੱਧ ਲਾਲਚ ਦਿਖਾਉਣ ਤੇ ਸਜ਼ਾ ਦਾ ਡਰ ਦੇਣ ਤੇ ਵੀ ਆਪਣੇ ਪਿਤਾ ਭਾਈ ਸੰਗਤ ਸਿੰਘ ਨੂੰ ਗਾਲ੍ਹ ਨਾ ਕੱਢੀ ਤੇ ਚੁਪ ਕਰ ਰਿਹਾ। ਇਸ ਗੱਲੋਂ ਖ਼ੁਸ਼ ਹੋ ਕੇ ਗੁਰੂ ਸਾਹਿਬ ਨੇ ਉਸ ਨੂੰ ਸ਼ਾਹਜ਼ਾਦਾ ਬਹਾਦੁਰਸ਼ਾਹ ਵੱਲੋਂ ਆਈ 60,000 ਸੱਠ ਹਜ਼ਾਰ ਦੀ ਧੁਕਧੁਕੀ ਇਨਾਮ ਦਿੱਤੀ ਤੇ 'ਇਹ ਆਹਾ ਸੁਧ ਸੰਤਾਨ' ਕਹਿ ਕੇ ਨਿਵਾਜਿਆ।[15]

ਤੀਜੇ ਪੁਤਰ ਤਾਰਾ ਚੰਦ ਦੇ ਘਰ ਤਿੰਨ ਬੱਚੇ ਹੋਏ : (1) ਮਲੂਕ ਸਿੰਘ, (2) ਰਾਜਾ ਸਿੰਘ ਅਤੇ (3) ਬਾਦਲ ਸਿੰਘ। ਅੱਗੇ ਇਹਨਾਂ ਦੇ ਭਾਈ ਸੁਰਜਨ ਸਿੰਘ ਤੇ ਮੋਹਰ ਸਿੰਘ ਹੋਏ ਅਤੇ ਹੋਰ ਬਹੁਤ ਸੰਤਾਨ ਵਧੀ-ਫੂਲੀ। ਚੌਥੇ ਪੁਤਰ ਦੁਆਰੇ ਜਾਂ ਦੁਆਰਕੇ ਦਾ ਗੁਰਬਖ਼ਸ਼ ਰਾਇ ਹੋਇਆ। ਫਿਰ ਉਸ ਦੇ ਪੁੱਤਰ ਭਾਈ ਧੰਨਾ ਸਿੰਘ ਤੇ ਅਤਰ ਸਿੰਘ ਹੋਏ, ਜੋ ਪਿਸ਼ੋਰ ਜਾ ਕੇ ਅਬਾਦ ਹੋ ਗਏ, ਪੰਜਵੇਂ ਪੁੱਤਰ ਭਾਈ ਬੁੱਧੂ ਦੇ ਘਰ ਕੌਰਾ ਹੋਇਆ। ਅੱਗੇ ਭਾਈ ਕੌਰੇ ਦੇ ਘਰ ਤਿੰਨ ਪੁੱਤਰ-ਭਾਈ ਸਾਵਨ ਸਿਘ, ਸੂਰਤ ਸਿੰਘ ਤੇ ਮਿੱਠਾ ਸਿੰਘ ਹੋਏ।

ਭਾਈ ਬੰਨੋ ਦਾ ਛੇਵਾਂ ਪੁੱਤਰ ਸੀ ਭਾਈ ਮੱਲੂ। ਇਸ ਮੱਲੂ ਦੇ ਘਰ ਦਾਨ ਸਿੰਘ, ਵਸਾਊ ਸਿੰਘ ਤੇ ਗੋਲਾ ਸਿੰਘ ਪੈਦਾ ਹੋਏ। ਦਾਨ ਸਿੰਘ ਦਾ ਪੁੱਤਰ ਅਨੂਪ ਸਿੰਘ, ਅੱਗੇ ਅਨੂਪ ਸਿੰਘ ਦੇ ਪੁੱਤਰ ਦਰਬਾਰਾ ਸਿੰਘ, ਹਜ਼ੂਰਾ ਸਿੰਘ ਤੇ ਵੰਤਾ ਸਿੰਘ। ਫਿਰ ਦਰਬਾਰਾ ਸਿੰਘ ਦੇ ਪੁੱਤਰ ਟਹਿਲ ਸਿੰਘ, ਪੋਤਰਾ ਗੁਰਦਿਆਲ ਸਿੰਘ ਤੇ ਪੜਪੋਤਰਾ ਕਾਨ੍ਹ ਸਿੰਘ ਹੋਏ।

ਸੱਤਵੇਂ ਪੁਤਰ ਟੱਲ ਤੇ ਅੱਠਵੇਂ ਪੁਤਰ ਉੱਤਮ ਦੇ ਘਰ ਕੋਈ ਸੰਤਾਨ ਹੋਈ ਜਾਂ ਨਹੀਂ ਇਸ ਬਾਰੇ ਕੁਝ ਪਤਾ ਨਹੀਂ ਲੱਗ ਸਕਿਆ।

11. ਪਿੰਡ ਖਾਰਾ ਮਾਂਗਟ ਦਾ ਪੁਰਾਣਿਕ ਪਿਛੋਕੜ

ਪੰਜਾਬ ਦੇ ਲਗਪਗ ਸਾਰੇ ਹੀ ਪਿੰਡਾਂ ਦਾ ਇਤਿਹਾਸ ਬੜਾ ਦਿਲਚਸਪ ਹੈ ਜਿਸ ਤੋਂ ਪੰਜਾਬ ਦੇ ਸਭਿਆਚਾਰ ਦਾ ਪਿਛੋਕੜ ਸਾਫ਼ ਪਿਆ ਨਜ਼ਰ ਆਉਂਦਾ ਹੈ। ਭਾਈ ਬੰਨੋ ਜੀ ਦੇ ਪਿੰਡ ਖਾਰਾ ਮਾਂਗਟ ਦਾ ਇਤਿਹਾਸ ਵੀ ਉਸੇ ਤਰ੍ਹਾਂ ਆਦਿ ਤੋਂ ਅੰਤ ਤੱਕ ਕਈ ਵਿਚਿਤਰ ਘਟਨਾਵਾਂ ਨਾਲ ਭਰਪੂਰ ਹੈ ਤੇ ਇਹ ਧਰਤੀ ਹੜਿੰਬਾ ਭੂਮਿ ਅਰਥਾਤ ਦੋਜ਼ਖ ਧਰਤੀ ਦੇ ਨਾਂ ਨਾਲ ਪੁਰਾਤਨ ਕਾਲ ਤੋਂ ਮਸ਼ਹੂਰ ਹੈ, ਪਰ ਏਥੇ ਅਸੀਂ ਬਹੁਤਾ ਇਹਨਾਂ ਗੱਲਾਂ ਵੱਲ ਤੇ ਇਸ ਦੇ ਇਤਿਹਾਸ ਵੱਲ ਨਾ ਜਾ ਕੇ ਕੇਵਲ ਇਸ ਦੇ ਪੁਰਾਣਿਕ ਪਿਛੋਕੜ ਵੱਲ ਪਾਠਕਾਂ ਦਾ ਧਿਆਨ ਦਿਵਾਉਣਾ ਜ਼ਰੂਰੀ

ਸਮਝਦੇ ਹਾਂ। *ਭਾਈ ਬੰਨੋ ਪ੍ਰਕਾਸ਼* (ਅਧਿਆਇ 35, ਛੰਦ-ਅੰਕ 61-67) ਦੇ ਅਨੁਸਾਰ ਸਤਜੁਗ ਦੇ ਸਮੇਂ ਇੱਥੋਂ ਦੀ, ਜਿੱਥੇ ਕਿ ਸ੍ਰੀ ਦਰਬਾਰ ਸਾਹਿਬ ਬਣਿਆ ਹੋਇਆ ਹੈ, ਅਕਾਸ਼ ਦੇ ਰਸਤੇ ਸੁਰਗ ਦਾ ਰਾਜਾ ਇੰਦਰ ਅੰਮ੍ਰਿਤ ਦਾ ਘੜਾ ਲਈ ਜਾ ਰਿਹਾ ਸੀ ਕਿ ਉਸ ਦੇ ਹੱਥੋਂ ਘੜੀ ਛਲਕ ਕੇ ਉਸ ਦਾ ਅੰਮ੍ਰਿਤ ਇਸ ਧਰਤੀ ਉਤੇ ਡੁਲ੍ਹ ਗਿਆ ਜਿੱਥੇ ਪ੍ਰੇਮਾਵਤੀ ਨਗਰ ਅਬਾਦ ਹੋਇਆ। ਫਿਰ ਤਰੇਤੇ ਜੁਗ ਵਿਚ ਉਸੇ ਥਾਂ ਜੋ ਨਗਰੀ ਅਬਾਦ ਸੀ, ਉਸ ਦਾ ਨਾਮ ਪ੍ਰਭਾਵਤੀ ਸੀ, ਉਸ ਤੋਂ ਬਾਅਦ ਦਵਾਪਰ ਜੁਗ ਵਿਚ ਇਸ ਥਾਵੇਂ ਸੋਮਾਵਤੀ ਨਾਮਕ ਨਗਰੀ ਅਬਾਦ ਹੋਈ। ਫਿਰ ਕਲਿਜੁਗ ਸਮੇਂ ਉਸੇ ਨਗਰੀ ਦਾ ਨਾਮ 'ਖਾਰਾ' ਪ੍ਰਸਿੱਧ ਹੋਇਆ। ਸਤਿਜੁਗ ਵਿਚ ਇਸ ਨਗਰੀ ਦੀ ਹੱਦ 12 ਕੋਹ, ਤਰੇਤੇ ਵਿਚ ਅੱਠ ਕੋਹ, ਦੁਆਪਰ ਵਿਚ 4 ਕੋਹ ਤੇ ਕਲਿਯੁਗ ਵਿਚ ਇਸ ਦੀ ਹੱਦ ਸਿਰਫ਼ ਇਕ ਕੋਹ ਦੀ ਰਹਿ ਗਈ।

ਪਹਿਲੇ ਪਹਿਲ ਇਹ ਨਗਰ ਬੜਾ ਘੁੱਗ ਵਸਦਾ ਸੀ ਜਿਥੇ ਕਿ ਚਾਰ ਵਰਨਾਂ (ਬ੍ਰਾਹਮਣ, ਖਤ੍ਰੀ, ਵੈਸ਼ ਅਤੇ ਸੂਦਰ ਜਾਤਿ) ਦੇ ਲੋਕ ਬੜੇ ਅਨੰਦਪੂਰਵਕ ਰਹਿੰਦੇ ਸਨ। ਪਿੱਛੋਂ ਯੁਵਨ (ਮੁਸਲਮਾਨੀ) ਰਾਜ ਹੋਣ ਤੇ ਜਦੋਂ ਇਸ ਨਗਰੀ ਦਾ ਸਰਵਸ੍ਵ ਖੁੱਸ ਗਿਆ ਤਾਂ ਇਹ ਸਥਾਨ ਉੱਜੜ ਗਿਆ। ਫਿਰ ਕਿਤਨੇ ਵਰਸ਼ ਗੁਜ਼ਰਨ ਤੇ ਏਥੇ ਗੁਰੂ ਸਾਹਿਬ ਦੀ ਕਿਰਪਾ ਨਾਲ ਆਬਾਦੀ ਹੋਈ ਤੇ ਗੁਰੂ-ਦਰਬਾਰ ਕਾਇਮ ਹੋਇਆ, ਜੋ ਹੁਣ ਤੱਕ ਉਸੇ ਤਰ੍ਹਾਂ ਇਸ ਪਵਿੱਤਰ ਭੂਮੀ ਨੂੰ ਭਾਗ ਲਾ ਰਿਹਾ ਹੈ।

ਟਿੱਪਣੀਆਂ/ਹਵਾਲੇ

1. *ਸੰਮਤ ਸਸਿ ਰਸ ਆਤਮਾ, ਬਾਨ ਸੁਮਨ ਭਵ ਜਾਨ।*
   ਵਿਸਾਖ ਸੁਦੀ ਥਿਤ ਤ੍ਰਿਉਦਸੀ, ਸੁਰ ਗੁਰ ਵਾਰ ਪਛਾਨ ॥32॥
2. ਗਿਆਨੀ ਗਿਆਨ ਸਿੰਘ ਨੇ ਵੀ ਭਾਈ ਬੰਨੋ ਨੂੰ ਭਾਟੀਏ ਸਿੱਖ ਹੀ ਲਿਖਿਆ ਹੈ। (ਦੇਖੋ ਤਵਾਰੀਖ ਗੁਰੂ ਖਾਲਸਾ, ਭਾਗ 1, ਛਾਪਾ ਪੱਥਰ, ਸਿਆਲਕੋਟ, ਸੰਨ 1891, ਸਫ਼ਾ 206)
3. *ਤੀਨੋ ਭਾਈ ਸੰਗ ਹੋ ਚੜ੍ਹੇ ਜਨੇਤ ਸੁਜਾਨ।*
   ਫੇਰੂ ਗੁਰਦਿੱਤਾ ਹਰੂ ਇਹ ਤਿਨ ਕੇ ਹੈ ਨਾਮ ॥72॥ (*ਭਾਈ ਬੰਨੋ ਪ੍ਰਕਾਸ਼*)
4. *ਸਭ ਪੂਤਨ ਕੋ ਸੌ ਪਿਓ, ਵਿਦਿਯਾ ਕੇ ਅਸਥਾਨ।*
   ਪੜ੍ਹ ਕਰਿ ਭਏ ਪ੍ਰਬੀਨ ਸਭ, ਪਾਯੋ ਆਤਮ ਗਯਾਨ ॥7॥ (*ਭਾਈ ਬੰਨੋ ਪ੍ਰਕਾਸ਼*, ਅਧਿ. 6)
5. ਦੇਖੋ, *ਭਾਈ ਬੰਨੋ ਪ੍ਰਕਾਸ਼*, ਅਧਿਆਇ 20।
6. *ਸ੍ਰੀ ਗੁਰੂ ਅਰਜਨ ਕ੍ਰਿਪਾ ਕਰਿ, ਸਿੱਖੀ ਬਖਸ਼ਿਸ਼ ਕੀਨ।*
   ਸੁਭ ਕਰਮਨ ਤਤਪਰ ਭਯੋ, ਭਾਈ ਪਰਮ ਪ੍ਰਬੀਨ ॥3॥ (*ਵਾਰ ਭਾਈ ਬੰਨੋ ਸਾਹਿਬ ਜੀ ਕੀ*)
7. *ਜਹ ਠੌਰ ਬਿਖੈ ਦਰਬਾਰ ਅਹੈ ਤਹ ਨਾਮ ਜੰਡੋਰ ਕਹੈ ਸਭ ਕੋਈ।*
   ਪਰਮ ਪੁਨੀਤ ਹੈ ਸੁਧ ਥਿਰਾ ਕਲਿਕਾਲ ਬਿਖੈ ਅਸ ਅਵਰ ਨ ਕੋਈ ॥
   ਕਬ ਗੁਤਰ ਕਬੀ ਵਹ ਪ੍ਰਗਟ ਹ੍ਵੈ, ਫਿਰ ਲੋਪ ਕਵੀ ਹੋਇ ਜਾਵਤ ਸੋਈ।
   ਅਮਰ ਪੁਰੀ ਸੁਰ ਜਾਨਤ ਹੈ, ਇਹ ਆਹਿ ਪ੍ਰਸਿਧ ਬਿਖੈ ਤਿਨ ਲੋਈ ॥
   (*ਸ੍ਰੀ ਭਾਈ ਬੰਨੋ ਪ੍ਰਕਾਸ਼*, ਅਧਿਆਇ 21)
8. *ਹਮਰੋ ਪ੍ਰੋਹਿਤ ਭਾਈ ਬੰਨੋ। ਸਭ ਸੰਗਤਿ ਤੁਮ ਸਤਿ ਕਰਿ ਮੰਨੋ ॥26॥*
   (*ਭਾਈ ਬੰਨੋ ਪ੍ਰਕਾਸ਼*, ਅਧਿ. 6)
9. *ਸੰਮਤ ਸਸਿ ਰਸ ਰਸ ਸਸਿ ਜਾਨੋ। ਭਾਦੋਂ ਆਪ ਮਾਸ ਪਹਿਚਾਨੋ।*
   ਏਕਮ ਵਦੀ ਸੁ ਪਹਿਲੀ ਅਹੀ। ਲਿਖਤ ਭਏ ਭਾਈ ਜੀ ਸ਼ਹੀ ॥15॥
   ਏਕ ਬਰਸ ਨੌ ਮਾਸ ਮੈ ਕੀਨੀ ਬੀੜ ਤਿਆਰ।
   ਜਥਾ ਜੋਗ ਬਾਣੀ ਲਿਖੀ ਸਭ ਤਿਸਕੇ ਅਖਤਯਾਨ ॥36॥
10. ਦੇਖੋ, *ਤੁਜ਼ਕਿ ਜਹਾਂਗੀਰੀ* (ਸ਼ਾਹ ਜਹਾਂਗੀਰ ਦੀ ਸ੍ਵੈ-ਲਿਖਿਤ ਜੀਵਨੀ) ਫਾਰਸੀ, ਨਵਲ ਕਿਸ਼ੋਰ ਪ੍ਰੈੱਸ, ਲਖਨਊ। (ਉੱਤਰ ਪ੍ਰਦੇਸ)
11. *ਭਾਈ ਬੰਨੋ ਜੀ ਤਹਿ ਆਏ। ਬੰਧੁ ਪੂਤ ਸਭ ਸੰਗ ਮਿਲਾਏ।.....*
    (*ਭਾਈ ਬੰਨੋ ਪ੍ਰਕਾਸ਼*, ਅਧਿਆਇ 13)

(ੳ) ਇਤਨੇ ਮੈ ਖਾਰੇ ਮਾਂਗਟ ਕੀ, ਸੰਗਤਿ ਆਈ ਦਰਸਨ ਚਾਹਿ ।
ਸਾਥ ਸਿਰੋਮਣਿ ਭਾਈ ਬੰਨੋ, ਪ੍ਰੇਮ ਸਹਿਤ ਉਰ ਬਡੋ ਉਮਾਹਿ ।
ਕੁਛ ਖੇਟੇ ਕੁਛ ਲੈ ਖਤਰੇਟੇ, ਕੁਛ ਗ੍ਰਾਮਨ ਕੇ ਲੋਕ ਰਲਾਇ ।
ਸਬਦ ਜੋੜੀਆਂ ਗਾਵਤ ਆਏ ਦੂਰਹਿ ਤੇ ਅਤਿ ਪ੍ਰੇਮ ਬਢਾਇ ॥

(ਭਾਈ ਮੋਤਾ ਸਿੰਘ, ਸ੍ਰੀ ਗੁਰੂ ਮਹਿਮਾ ਪ੍ਰਕਾਸ਼, ਸਫ਼ਾ 74)

12. ਹਮਰੋ ਪ੍ਰੇਰਯੋ ਭਾਈ ਆਯੋ, ਕਾਰਜ ਹਮਰਾ ਕਰੈ ਬਨਾਇ ।

(ਸ੍ਰੀ ਗੁਰੂ ਮਹਿਮਾ ਪ੍ਰਕਾਸ਼, ਕ੍ਰਿਤ ਭਾਈ ਮੋਤਾ ਸਿੰਘ, ਛਾਪਾ ਪੱਥਰ, ਸਫ਼ਾ 74)

13. ਸੁਧਾ ਸਰੋਵਰ ਤੇ ਤੁਰੇ ਸਭ ਸੰਗਤਿ ਲੇ ਸੰਗ ।
ਜਨ ਕਰਿ ਸਿੰਧ ਸਪਰਸ਼ ਕੋ ਉਮੰਗ ਚਲੀ ਹੈ ਗੰਗ ॥3॥
ਸਵੈਯਾ ॥
ਸੁੰਦਰ ਠੌਰ ਸੁ ਛਾਵੇਂ ਨਿਹਾਰ ਕੈ, ਉਤਰ ਪਰੈ ਤਿਹ ਸੰਗਤਿ ਸਾਰੀ ।
ਲੇਕਰ ਸੈਂਚੀਆਂ ਲਿਖਤ ਕਰੈਂ ਤਿਨ ਮਾਹਿ ਜੁ ਉਤਮ ਆਹਿ ਲਿਖਾਰੀ ।

(ਭਾਈ ਬੰਨੋ ਪ੍ਰਕਾਸ਼, ਅਧਿਆਇ 10)

ਦੇਖੋ, ਸ੍ਰੀ ਗੁਰੂ ਮਹਿਮਾ ਪ੍ਰਕਾਸ਼ (ਭਾਈ ਮੋਤਾ ਸਿੰਘ) ਛਾਪਾ ਪੱਥਰ, ਸਫੇ 80, 81, 82

14. ਸੰਮਤ ਸਮਿ ਰਿਖਿ ਨਭ ਮਹੀ ਮਘ ਪਾਸ ਸਭੁ ਜਾਨ ।
ਗੁਰੁ ਪੁਰਿ ਗਗਨ ਹੈ ਕਰਾ, ਭਾਈ ਜੀ ਸੁਰ ਗਯਾਨ ॥ 78 ॥

(ਭਾਈ ਬੰਨੋ ਪ੍ਰਕਾਸ਼, ਅਧਿਆਇ 42)

15. ਭਾਈ ਬੰਨੋ ਪ੍ਰਕਾਸ਼, ਅਧਿਆਇ 44, ਛੰਦ 164-67

[illegible] - ਸ਼ਾਇਦ, ਬਹੁਤ ਹੱਦ ਤੱਕ ਸੰਭਵ ਹੈ।
[illegible] — ਸੌਰ ਦੇ ਰੁੱਖਾਂ ਦੀ [illegible] ਵਾਲੀ ਜਗ੍ਹਾ ।

1) ਪੜ੍ਹੋ - ਗੁਰਮਤਿ ਮਾਰਤੰਡ (ਭਾ. ਕਾਨ੍ਹ ਸਿੰਘ ਨਾਭਾ SGPC - page - 412)
2) ਪੜ੍ਹੋ - ਆਦਿ ਬੀੜ ਬਾਰੇ (ਪ੍ਰੋ: ਸਾਹਿਬ ਸਿੰਘ) ਪੰਨਾ - 85 ਤੋਂ 101 ਤੱਕ ([illegible])